ਸੋਚਾਂ ਦੀਆਂ ਪੈੜਾਂ

ਅੰਜੂਜੀਤ ਸ਼ਰਮਾ ਜਰਮਨੀ

Socha Dia Peda
Anjujit Sharma
Germany

Published by :
PANJ NAD PARKASHAN
Lambra, Jalandhar-144026

Price : Rs. 100/-
First edition : April-2011

Available at :
Panjabi Sath Units

Dr. Nirmal Singh
Secretary Panjabi Sath
Lambra, Jalandhar, Panjab, India. 144026
Phone : 0181-2791036, Mobile : 98152-56266
E-mail : drnirmalsinghlambra@gmail.com

Mota Singh Sarai
11 Queens Road
Walsall, West Midlands
Ws5 3NF U.K.
Phone : +44 785 075 0109
E-mail : singh_m_sarai@hotmail.com

Prof. Kulwinder Singh Sarai
Manjki Panjabi Sath, Bhangala,
Jalandhar, Panjab, India. 144033
Phone : 01826-275633, Moblie : 98141-60642
E-mail : kssarai@gmail.com

Printed at :
Chak-17 Parkashan, Near Devi Mandir Road,
Rajpura, Distt. Patiala (Panjab) -140401
Ph. : 98722-41223
E-mail : chak17parkashn@yahoo.com

Design by :
Mehanga Singh, Moblie : 9988334213

ਜੇ ਤੁਸੀਂ ਨਾ ਮਿਲਦੇ, ਮੈਂ ਟੁਰ ਨਾ ਸਕਦੀ

ਪਤਾ ਨਹੀ ਮੈਂ ਕਿਹੜੀਆਂ ਸੋਚਾਂ ਸੋਚਦੀ ਵਿੰਗੀਆਂ ਟੇਢੀਆਂ ਪੈੜਾਂ ਲਗਾਉਂਦੀ ਟੁਰਦੀ ਰਹੀ, ਪਤਾ ਨਹੀਂ ਮੇਰੇ ਗਰਭ ਵਿੱਚ ਕਦ ਕਵਿਤਾ ਪਈ ਅਤੇ ਕਦ ਜੰਮੀ ਅਤੇ ਕਦ ਮੇਰੇ ਨਾਲ ਝਾਤ ਖੇਲੀ, ਅੱਜ ਸੋਚਣ ਬੈਠੀ ਤਾਂ ਇੰਝ ਲੱਗਾ ਜਿਵੇਂ ਮੇਰੀ ਧੀ ਜੁਆਨ ਹੋ ਗਈ ਹੈ। ਤੇ ਮੇਰੇ ਸੀਨੇ ਨਾਲ ਲੱਗਕੇ ਆਖ ਰਹੀ ਹੋਵੇ, ਮਾਂ ਮੇਰਾ ਦੁਨੀਆਂ ਦੇਖਣ ਨੂੰ ਦਿਲ ਕਰਦਾ ਹੈ, ਤਿੱਤਲੀ ਵਾਂਗੂੰ ਉਡਣ ਨੂੰ ਜੀਅ ਕਰਦਾ ਹੈ। ਦੁਨੀਆਂ ਦੇ ਸਾਹਮਣੇ ਖੜ ਕੇ ਆਪਣੀ ਪਹਿਚਾਣ ਦੱਸਣ ਨੂੰ ਜੀਅ ਕਰਦਾ ਹੈ। ਦੁਨੀਆਂ ਦੀਆਂ ਸੋਚਾਂ ਨਾਲ ਰਲ ਕੇ ਕਿਸੇ ਦਾ ਬੰਦ ਬੂਹਾ ਖੜਕਾਉਣ ਨੂੰ ਜੀਅ ਕਰਦਾ ਹੈ। ਇਨ੍ਹਾਂ ਸੋਚਾਂ ਦੇ ਸੋਚਦੇ ਸਾਰ ਹੀ ਮੇਰੇ ਕਾਲਜੇ 'ਚ ਇੱਕ ਧੂਹ ਜਹੀ ਪਈ, ਧੀ ਦੇ ਜਵਾਨ ਹੋਣ ਦਾ ਮਾਂ ਨੂੰ ਚਾਅ ਵੀ ਬਥੇਰਾ ਹੈ ਪਰ ਡਰ ਵੀ ਹੈ। ਓਹ ਡਰ ਕਾਸਦਾ ਹੈ, ਮਾਂ ਨੂੰ ਆਪ ਵੀ ਪਤਾ ਨਹੀਂ ਹੈ।

ਇਹ ਮੇਰੀ ਧੀ ਮੇਰੀ ਕਵਿਤਾ ਮੇਰੀ ਸੋਚ ਹੈ। ਜਿਸਨੂੰ ਮੈਂ ਤੁਹਾਡੇ ਹੱਥਾਂ ਵਿੱਚ ਸੌਂਪ ਰਹੀ ਹਾਂ। ਇਸਨੂੰ ਕਬੂਲਣਾ, ਇਹ ਮੇਰੀ ਪਹਿਲੀ ਕੋਸ਼ਿਸ ਹੈ ਤੁਹਾਡੇ ਸਭਨਾਂ ਦੇ ਪਿਆਰ ਸਦਕਾ ਮਿਲੇ ਹੁੰਗਾਰੇ ਸਦਕਾ ਮੈਂ ਜੁਰਅਤ ਕੀਤੀ ਹੈ। ਤੁਹਾਡੀਆਂ ਮੁਹੱਬਤਾਂ ਨੇ ਮੇਰੀ ਪਰਵਾਜ਼ ਵਿੱਚ ਤਾਕਤ ਭਰ ਦਿੱਤੀ ਅਤੇ ਆਪਣੇ ਖੰਭਾਂ ਉਤੇ ਤੁਹਾਡਾ ਸਭ ਦਾ ਧੰਨਵਾਦ, ਸ਼ੁਕਰੀਆ ਲਿਖ ਕੇ ਮੈਂ ਉਡਦੀ ਰਹੀ। ਮੈਂ ਕਦੇ ਵੀ ਇਸ ਗੱਲ ਬਾਰੇ ਨਹੀਂ ਸੀ ਸੋਚਿਆ ਕਿ ਮੈਂ ਕੁਝ ਲਿਖਾਂਗੀ ਅਤੇ ਓਹ ਅੱਖਰ ਕਵਿਤਾ ਬਣ ਜਾਣਗੇ। ਪਰ ਜਜ਼ਬਾਤਾਂ ਦਾ, ਭਾਵਨਾਵਾਂ ਦਾ, ਮਾਸੂਮੀਅਤ ਦਾ, ਪਿਆਰ ਵਾਲਾ ਚਸ਼ਮਾ ਸਾਡੇ ਸੱਭਨਾਂ ਦੇ ਅੰਦਰ ਹੀ ਹੁੰਦਾ ਹੈ। ਬੱਸ ਜ਼ਰਾ ਕੁ ਪਿਆਸ ਮਹਿਸੂਸ ਕਰਨ ਦੀ ਲੋੜ ਹੈ। ਫਿਰ ਇਸ ਤਰ੍ਹਾਂ ਦੀ ਹਾਲਤ ਹੋ ਜਾਂਦੀ ਹੈ, ਜੇ ਕਿਧਰੇ ਇੱਕ ਬੂੰਦ ਵੀ ਇਸਦੀ ਹੋਂਠਾਂ ਨੂੰ ਲੱਗ ਜਾਂਦੀ ਹੈ, ਮਨ ਪਵਿੱਤਰ ਹੋ ਜਾਂਦਾ ਹੈ, ਦੁਨੀਆਂ ਨੂੰ ਦੇਖਣ, ਸਮਝਣ ਦਾ ਨਜ਼ਰੀਆ ਬਦਲ ਜਾਂਦਾ ਹੈ। ਅੱਜ ਤੋਂ ਪੰਜ ਛੇ ਸਾਲ ਪਹਿਲਾਂ ਪਹਿਲੀ ਵਾਰ ਮੈਂ ਇੱਕ ਸ਼ੇਅਰ ਲਿਖਿਆ ਸੀ ਅਤੇ ਉਸਨੂੰ ਪੰਜਾਬ ਰੇਡੀਉ ਲੰਡਨ ਦੇ ਕਵੀ ਦਰਬਾਰ ਦੇ ਪ੍ਰੋਗਰਾਮ ਵਿੱਚ ਪੜ੍ਹਿਆ। ਉਸ ਪ੍ਰੋਗਰਾਮ ਦੇ ਪ੍ਰੈਜੰਟਰ ਨੇ ਮੇਰਾ ਕਾਫੀ ਹੌਸਲਾ ਵਧਾਇਆ ਸੀ। ਰੱਬ ਜਾਣੇ ਮੇਰੇ ਅੰਦਰ ਦੀ ਕਵਿਤਾ ਨੂੰ ਉਡੀਕ ਸੀ ਕਿਸੇ ਦੇ ਹੁੰਗਾਰੇ ਦੀ, ਉਸ ਹੁੰਗਾਰੇ ਮਗਰੋਂ ਕਦੇ ਮੈਂ ਕਵਿਤਾ ਸੰਗ ਕਦੇ ਕਵਿਤਾ ਮੇਰੇ ਸੰਗ ਕਿੱਕਲੀ ਪਾਉਂਦੀ ਟੁਰਦੀ ਰਹੀ। ਪਰ ਮੈਂ ਆਪਣੀਆਂ ਸਾਰੀਆਂ ਕਵਿਤਾਵਾਂ ਸ਼ੌਕੀਆ ਤੌਰ ਤੇ ਕਿਸੇ ਰੇਡੀਉ ਸ਼ਟੇਸ਼ਨ, ਜਾਂ ਕਿਸੇ ਨਾ ਕਿਸੇ ਨੂੰ ਸੁਣਾ ਦਿੰਦੀ ਸੀ। ਜਦ ਵੀ ਕੋਈ ਸੁਣਦਾ ਮੇਰਾ ਹੌਸਲਾ ਵਧਾ ਦਿੰਦਾ, ਜਾਂ ਕੋਈ ਨਾ ਕੋਈ ਰੇਡੀਉ ਤੇ ਆ ਕੇ ਮੇਰੀ ਸੁਣਾਈ ਕਵਿਤਾ ਦੀ ਤਾਰੀਫ ਕਰ ਦਿੰਦਾ ਸੀ। ਇਸੇ ਅਪਣੱਤ ਭਰੇ ਅਹਿਸਾਸਾਂ ਨੇ ਲਿਖਣ ਦੀ ਹਿੰਮਤ ਬਣਾਈ ਰੱਖੀ ਅਤੇ ਮੈਂ ਲਿਖਦੀ ਗਈ।

ਅੱਜ ਆਪਣੀ ਕਿਤਾਬ ਦੀ ਖੁਸ਼ੀ ਸਾਂਝੀ ਕਰਦੀ ਇੱਕ ਐਸੀ ਮਹਾਨ ਸ਼ਖਸੀਅਤ ਨੂੰ ਵੈਰਾਗੀ ਮਨ ਨਾਲ ਯਾਦ ਕਰਦੀ ਹਾਂ, ਜੇਕਰ ਅੱਜ ਓਹ ਜਿਉਂਦੇ ਹੁੰਦੇ ਤਾਂ ਬਹੁਤ ਖੁਸ਼ ਹੁੰਦੇ, ਮੈਨੂੰ ਓਹ ਅਕਸਰ ਹੀ ਕਹਿੰਦੇ ਹੁੰਦੇ ਸਨ ਕਿ ਤੂੰ ਆਪਣੀ ਕਿਤਾਬ ਛਪਵਾ ਮੈਂ ਹਰ ਵਾਰੀ ਆਖ ਦਿੰਦੀ ਕਿ 'ਦੀਦੀ' ਮੈਂ ਕਿਹੜਾ ਤੁਹਾਡੇ ਵਾਂਗੂੰ ਸ਼ਾਇਰਾ ਹਾਂ, ਬਸ ਜ਼ਰਾ ਕੁ ਕਲਮ ਕਾਲ ਮੋਹ ਹੈ ਲਿਖ ਲੈਂਦੀ ਹਾਂ। ਮੈਂ ਉਸ ਸ਼ਾਇਰਾ ਨੂੰ ਨਹੀਂ ਸੀ ਦੇਖਿਆ, ਪਰ ਜ਼ਰੂਰ ਰੱਬ ਦਾ ਰੂਪ ਹੋਵੇਗੀ ਜਿਸ ਨੇ ਮੇਰੀ ਹਰ ਲਿਖਤ ਨੂੰ ਥਾਪੜਾ ਦਿੱਤਾ ਸੀ। ਮੈਂ ਜ਼ਿਕਰ 'ਨਰਿੰਦਰ ਕੌਰ ਸੁੰਮਨ 'ਜੀ ਦਾ ਕਰ ਰਹੀ ਹਾਂ ਜਿਹੜੇ ਪਿਛਲੇ ਸਾਲ ਸਾਨੂੰ ਸਦਾ ਲਈ ਹੀ ਅਲਵਿਦਾ ਕਹਿ ਕੇ ਟੁਰ ਗਏ ਸਨ।

ਮੇਰੇ ਨਾਲ ਮੇਰੇ ਜੀਵਨ ਸਾਥੀ 'ਕਮਲ ਸ਼ਰਮਾ' ਮੇਰੇ ਦੋਸਤ ਵਰਗੇ ਅਤੇ ਕਦੇ ਮੈਨੂੰ ਕਿਸੇ ਅਜੀਜ਼ ਸਖੀ ਵਰਗੇ ਵੀ ਜਾਪਦੇ ਹਨ। ਜਿਸ ਨੇ ਹਰ ਰਿਸ਼ਤੇ ਦੀ ਮੁਹੱਬਤ ਦੇ ਕੇ ਕਦੇ ਇਸ ਦਿਲ ਨੂੰ ਊਣਾ ਨਹੀ ਹੋਣ ਦਿੱਤਾ ਹੈ। ਉਨ੍ਹਾਂ ਦਾ ਬਹੁਤ ਬਹੁਤ ਧੰਨਵਾਦ। ਮੇਰੇ ਜਜ਼ਬਾਤਾਂ ਨੂੰ ਸਮਝਿਆ ਅਤੇ ਮੇਰੀ ਲਿਖੀ ਹਰ ਕਵਿਤਾ ਨੂੰ ਸੁਣਕੇ ਹੈਰਾਨੀ ਅਤੇ ਮੁਹੱਬਤਾਂ ਭਰੇ ਇਸ਼ਾਰੇ ਨਾਲ ਮੇਰਾ ਹੌਸਲਾ ਵਧਾਉਂਦੇ ਰਹੇ। ਧੰਨਵਾਦ ਹੈ ਮੇਰੀ ਧੀ ਨਵੀਨਾ ਦਾ ਜਿਸ ਨੇ ਛੋਟੇ ਛੋਟੇ ਹੱਥਾਂ ਨਾਲ ਮੇਰੇ ਕਵਿਤਾ ਦੇ ਬਿਖਰੇ ਪਏ ਵੱਡੇ ਵੱਡੇ ਕਾਗਜ਼ ਸਾਂਭ ਕੇ ਰੱਖਦੀ ਤੇ ਆਖਦੀ, ''ਮੰਮ ਇਹ ਕਾਗਜ਼ ਸਾਂਭ ਲਓ ਤੁਹਾਡੀ ਕਵਿਤਾ ਹੈ''।

ਨਾਲ ਹੀ ਨਾਲ ਮੈਂ ਆਪਣੇ ਵੀਰ 'ਕੇਹਰ ਸ਼ਰੀਫ ਜੀ' ਦਾ ਧਨਵਾਦ ਕਰਦੀ ਹਾਂ ਜਿੰਨ੍ਹਾਂ ਨੇ ਮੇਰੀਆਂ ਲਿਖਤਾਂ ਦੀ ਸੋਧ ਕੀਤੀ ਅਤੇ ਮੇਰੀਆਂ ਖਿੰਡੀਆਂ ਲਿਖਤਾਂ ਨੂੰ ਕਿਤਾਬ ਦਾ ਰੂਪ ਦਿੱਤਾ ਹੈ। ਜਰਮਨ ਵਿੱਚ ਸਾਨੂੰ ਓਹ ਇੱਕ ਸਾਡੇ ਪਰਿਵਾਰ ਦੇ ਵੱਡੇ ਮੈਂਬਰ ਵਾਂਗੂੰ ਹਨ। ਉਨ੍ਹਾਂ ਦਾ ਡਰ, ਉਨ੍ਹਾਂ ਦੀ ਦਿੱਤੀ ਮਤ ਅਤੇ ਉਨ੍ਹਾਂ ਵਲੋਂ ਮਿਲਦੀ ਸ਼ਾਬਾਸ਼ ਜ਼ਿੰਦਗੀ ਸੰਵਾਰਨ ਵਰਗੀ ਹੈ। ਧੰਨਵਾਦ ਕਰਦੀ ਹਾਂ ਮੇਰੇ ਕਿਸੇ ਰਿਸ਼ਤੇ ਵਰਗੀ ਮੇਰੇ ਕਿਸੇ ਆਪਣੇ ਵਰਗੀ ਮੇਰੀ ਕੋਈ ਭੈਣ ਵਰਗੀ 'ਰਮਨਜੀਤ ਕੌਰ ਪੂਰੇਵਾਲ' ਇੰਗਲੈਂਡ ਵਾਲਿਆਂ ਦਾ ਜਿਸ ਨੇ ਮੇਰੀਆਂ ਕਵਿਤਾਵਾਂ ਲਈ ਮੇਰੀ ਕਿਤਾਬ ਲਈ ਅਰਦਾਸਾਂ ਕੀਤੀਆਂ ਸਨ। ਜਿਸ ਨੇ ਮੈਨੂੰ ਮਾਂ ਵਾਗੂੰ ਹੌਸਲਾ ਦਿੱਤਾ ਸੀ। ਧੰਨਵਾਦ ਕਰਦੀ ਹਾਂ ਪੰਜਾਬ ਰੇਡੀਉ ਦੇ ਸੁਲਝੇ ਪ੍ਰੈਜੰਟਰ, 'ਸ਼ਮਸ਼ੇਰ ਸਿੰਘ ਰਾਏ' ਅਤੇ 'ਰਜਿੰਦਰ ਕੌਰ ਜੀ', ਅਤੇ 'ਕਮਲਜੀਤ ਕੌਰ ਜੀ' ਦਾ ਜਿੰਨ੍ਹਾਂ ਨੇ ਆਪਣੇ ਸਾਹਿਤਕ ਪ੍ਰੋਗਰਾਮਾਂ ਵਿੱਚ ਮੇਰਾ ਹੌਸਲਾ ਵਧਾਇਆ, ਸ਼ਾਬਾਸ਼ ਦਿੰਦੇ ਰਹੇ ਅਤੇ ਨਾਲ ਹੀ ਨਾਲ ਧੰਨਵਾਦ ਹੈ ਨਿਰਮਲ ਕੰਧਲਵੀ ਜੀ ਦਾ ਜਿਨ੍ਹਾਂ ਨੇ ਪੰਜਾਬ ਰੇਡੀਉ ਤੋਂ ਮੇਰੀ ਆਵਾਜ਼ ਸੁਣ ਕੇ ਮੇਰਾ ਹੌਸਲਾ ਵਧਾਇਆ ਹੈ। ਧੰਨਵਾਦ ਹੈ ਸੁੱਚਾ ਸਿੰਘ ਬਾਜਵਾ ਜੀ ਦਾ ਜਿਨ੍ਹਾਂ ਨੇ ਇੱਕ ਦੋਸਤ ਬਣ ਕੇ, ਗੁਰੂ ਬਣ ਕੇ ਕੋਈ ਵੱਡਾ ਬਣਕੇ ਸ਼ਾਬਾਸ਼ ਦਿੱਤੀ ਅਤੇ ਗਲਤੀ ਵੀ ਸੁਧਾਰੀ ਹੈ।

ਧੰਨਵਾਦ ਹੈ ਸਰਦਾਰ ਬਲਦੇਵ ਸਿੰਘ ਜੀ ਬਾਜਵਾ ਅਤੇ ਸਰਦਾਰਨੀ ਗੁਰਦੀਸ਼ ਕੌਰ ਬਾਜਵਾ

ਜੀ ਮੀਡੀਆ ਪੰਜਾਬ ਅਖਬਾਰ (www.mediapunjab.com) ਦੀ ਸੰਪਾਦਕਾ ਅਤੇ ਮੀਡੀਆ ਪੰਜਾਬ ਰੇਡੀਉ ਜਰਮਨੀ ਦੀ ਸੁਲਝੀ ਪ੍ਰੈਜੰਟਰ ਦਾ ਜਿਨ੍ਹਾਂ ਨੇ ਆਪਣੀ ਅਖਬਾਰ ਅਤੇ ਰੇਡੀਉ ਰਾਹੀਂ ਸਾਡੀ ਪਹਿਚਾਣ ਬਣਾਈ ਹੈ। ਗੁਰਦੀਸ਼ ਕੌਰ ਬਾਜਵਾ ਜੀ ਜਿਨ੍ਹਾਂ ਦੀ ਮੈਂ ਬਹੁਤ ਰਿਣੀ ਹਾਂ, ਮੇਰੀ ਇਸ ਕਿਤਾਬ ਵਿੱਚ ਇਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਹੈ। ਇਨ੍ਹਾਂ ਦੀ ਲਗਨ ਅਤੇ ਪਿਆਰ ਨੇ ਸਾਨੂੰ ਜਿੱਤਿਆ ਹੈ। ਹਰ ਕੰਮ ਜ਼ਿੰਮੇਵਾਰੀ ਨਾਲ ਨਿਭਾਇਆ ਹੈ ਅਤੇ ਨਿਭਾ ਰਹੇ ਹਨ। ਇਨ੍ਹਾਂ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਦੀ ਹਾਂ।

ਧੰਨਵਾਦ ਹੈ ਮੋਤਾ ਸਿੰਘ 'ਸਰਾਏ' ਪ੍ਰਧਾਨ ਪੰਜਾਬੀ ਸੱਥ ਵਾਲਸਾਲ ਲਾਂਬੜਾ ਜੀ ਦਾ ਜਿਹੜੇ ਮਾਂ ਬੋਲੀ ਦੀ ਸੇਵਾ ਦਿਨ ਰਾਤ ਕਰ ਰਹੇ ਹਨ। ਮੋਤਾ ਸਿੰਘ ਜੀ ਦੇ ਸਾਥ ਬਗੈਰ ਅਸੀ ਜਰਮਨ ਵਾਲੇ ਅਧੂਰੇ ਸੀ। ਇਸ ਇਨਸਾਨ ਲਈ ਮੇਰੇ ਅੰਦਰ ਇੱਕ ਰਿਸ਼ੀ ਦੀ ਤਰ੍ਹਾਂ ਸਤਿਕਾਰ ਹੈ। ਇਹ ਇੱਕ ਗਿਆਨ ਦਾ, ਪਿਆਰ ਮੁੱਹਬਤ ਦਾ, ਦਰਦ ਦਾ, ਭਾਈਚਾਰੇ ਦਾ ਚਸ਼ਮਾ ਹੈ। ਭਾਅ ਜੀ ਹੁਰਾਂ ਦੀ ਹਿੰਮਤ ਸਦਕਾ ਹੀ ਅਸੀਂ ਕੁਝ ਕਰਨ ਦੇ ਕਾਬਲ ਬਣੇ ਹਾਂ। ਰੱਬ ਇਨ੍ਹਾਂ ਸਰਵਣ ਵੀਰਾਂ ਪ੍ਰਿੰ. ਕੁਲਵਿੰਦਰ ਸਿੰਘ ਸਰਾਏ ਜੀ, ਡਾ. ਨਿਰਮਲ ਸਿੰਘ ਜੀ ਅਤੇ ਮੋਤਾ ਸਿੰਘ ਸਰਾਏ ਜੀ ਨੂੰ ਹੋਰ ਹਿੰਮਤ ਅਤੇ ਤੰਦਰੁਸਤੀਆਂ ਦੇਵੇ, ਜਿਹੜੇ ਰੁਝੇਵਿਆਂ ਭਰੀ ਜ਼ਿੰਦਗੀ ਵਿੱਚੋਂ ਸਮਾਂ ਕੱਢ ਕੇ ਮਾਂ ਬੋਲੀ ਨੂੰ ਸ਼ਿੰਗਾਰ ਰਹੇ ਹਨ। ਪਾਠਕਾਂ ਲਈ ਮੇਰੀ ਬੇਨਤੀ ਹੈ, ਜੇਕਰ ਇਸ ਕਿਤਾਬ 'ਸੋਚਾਂ ਦੀਆਂ ਪੈੜਾਂ' ਵਿੱਚ ਕਿਧਰੇ ਤਰੁੱਟੀਆਂ, ਖਾਮੀਆਂ, ਕਮਜ਼ੋਰੀਆਂ ਰਹਿ ਗਈਆਂ ਹੋਣ ਤਾਂ ਆਪਣਾ ਸੁਨੇਹਾ ਮੇਰੇ ਤੀਕਰ ਜ਼ਰੂਰ ਪੁੰਹਚਾਉਣਾ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਕੁਝ ਚੰਗਾ ਕਰ ਸਕਾਂ। ਇਸ ਕਿਤਾਬ ਨੂੰ ਪੜ੍ਹਕੇ ਆਪਣੇ ਸੁਝਾਅ ਜ਼ਰੂਰ ਦੱਸਣੇ, ਤੁਹਾਡੇ ਸਭ ਦੇ ਹੁੰਗਾਰੇ ਦੀ ਉਡੀਕ ਵਿੱਚ।

ਅੰਜੂਜੀਤ ਸ਼ਰਮਾ ਜਰਮਨੀ

ਪੰਜਾਬਣ ਅੰਮੜੀ ਦੀ ਸੁੱਖਾਂ ਲੱਧੀ ਧੀ

ਸਾਡੀ ਸਤਿਕਾਰਯੋਗ ਪਿਆਰੀ ਭੈਣ ਅੰਜੂਜੀਤ ਸ਼ਰਮਾ ਭਾਵੇਂ ਲੰਬੇ ਅਰਸੇ ਤੋਂ ਕਲਮਕਾਰੀ ਦੇ ਕਸੀਦੇ ਦੀ ਕਲਾ ਦੇ ਜੌਹਰ ਵਿਖਾਉਂਦੀ ਹੀ ਏ ਪਰ ਕੁਝ ਪਰ ਦੇਸੀਂ ਵੱਸਣ ਤੇ ਕੁਝ ਅਚੇਤ ਰੂਪ ਵਿਚ ਹੀ ਮਾਂ ਬੋਲੀ ਨਾਲ ਮੋਹ ਹੋਣ ਦੇ ਬਾਵਜੂਦ ਪੰਜਾਬੀ ਵਿਚ ਲਿਖਣ ਤੋਂ ਮੰਗਦੀ ਰਹੀ। ਮਾਂ ਨੇ ਜਦੋਂ ਆਪਣੀ ਧੀ ਨੂੰ ਮੋਹ ਭਿੱਜੀ ਨਿੱਘੀ ਬੁੱਕਲ ਵਿਚ ਲਿਆ, ਮਮਤਾ ਨੇ ਆਪਣਾ ਰੰਗ ਵਿਖਾਇਆ। ਬੀਬੀ ਸ਼ਰਮਾ ਆਪਣੀ ਅੰਬੜੀ ਦੀ ਬੋਲੀ ਵੱਲ ਅਜਿਹੀ ਪਰਤੀ ਕਿ ਉਹਨੇ ਬਲਰਾਜ ਸਾਹਨੀ ਜੀ ਵਾਂਗ ਆਪਣੀ ਮਾਂ ਦੀ ਰੂਹ ਨਾਲ ਉਮਰਾਂ ਦੀ ਸਾਂਝ ਪਾ ਲਈ। ਬਾਜਵਿਆਂ ਦਾ ਸਹਿਯੋਗ, ਯੂਰਪੀ ਪੰਜਾਬੀ ਸੱਥ ਦੇ ਸਰਬਰਾਹ ਸ. ਮੋਤਾ ਸਿੰਘ ਸਰਾਏ ਅਤੇ ਹਰਜਿੰਦਰ ਸਿੰਘ ਸੰਧੂ ਹੋਰਾਂ ਦੀ ਛਤਰ ਛਾਇਆ ਰੰਗ ਲਿਆਈ। ਅੰਜੂਜੀਤ ਭੈਣ ਨੇ ਮੀਡੀਆ ਪੰਜਾਬ ਅਤੇ ਜਰਮਨੀ ਵੱਸਦੇ ਪੰਜਾਬੀ ਪਿਆਰਿਆਂ ਨਾਲ ਰਲ ਕੇ ਉਹਨਾਂ ਵੱਲੋਂ ਹੀ ਕਾਇਮ ਕੀਤੀ 'ਪੰਜਾਬੀ ਸੱਥ ਜਰਮਨੀ' ਦੇ ਦੋ ਸਫਲ ਸਮਾਗਮ ਕਰਕੇ ਆਪਣੀ ਸਾਹਿਤਕ ਤੇ ਪ੍ਰਬੰਧਕੀ ਸੂਝ ਬੂਝ ਨਾਲ ਸੱਥਾਂ ਦੇ ਤਾਣੇ ਬਾਣੇ ਵਿਚ ਆਪਣਾ ਨਾ ਮੋਟੇ ਤੇ ਗੂਹੜੇ ਅੱਖਰਾਂ ਵਿਚ ਲਿਖਵਾ ਲਿਆ ਹੈ। ਪਿਛਲੇ ਸਾਲ ਇਹਨਾਂ ਵੱਲੋਂ ਜਰਮਨੀ ਵਿਚਲੇ ਪੰਜਾਬੀ ਕਵੀਆਂ ਵੱਲੋਂ ਲਿਖੀਆਂ ਰਚਨਾਵਾਂ ਦਾ ਕਾਵਿ ਸੰਗ੍ਰਹਿ 'ਘਿਊ ਚੁਰੀ ਦੀਆਂ ਬਾਤਾਂ' ਛਾਪ ਕੇ ਜਿਹੜੀ ਪਹਿਲਕਦਮੀ ਕਰਕੇ ਮਾਅ੍ਰਕਾ ਮਾਰਿਆ ਹੈ, ਉਹ ਇਤਿਹਾਸਕ ਵੀ ਹੈ ਤੇ ਸਾਡੀ ਮਾਂ ਬੋਲੀ ਦੀ ਚੜ੍ਹਤ ਤੇ ਮਾਣ ਦਾ ਪ੍ਰਤੀਕ ਵੀ।

ਹਥਲੀ ਕਿਤਾਬ ਬੀਬੀ ਸ਼ਰਮਾ ਦੀਆਂ ਮੌਲਿਕ ਰਚਨਾਵਾਂ ਦਾ ਖੂਬਸੂਰਤ ਗੁਲਦਸਤਾ ਹੈ। ਥੋੜ੍ਹੇ ਜਿਹੇ ਅਰਸੇ ਵਿੱਚ ਹੀ ਇਹਨਾਂ ਲੰਬਾ ਸਾਹਿਤਕ ਪੈਂਡਾ ਮਾਰ ਲਿਆ ਹੈ। ਇਹ ਜੋ ਵੀ ਲਿਖਦੇ ਨੇ ਰੂਹ ਨਾਲ ਲਿਖਦੇ ਨੇ। ਇਹਨਾਂ ਦੀ ਬੋਲੀ, ਸ਼ੈਲੀ ਸ਼ਬਦਾਵਲੀ ਵਿਚ ਦਿਨੋ ਦਿਨ ਨਿਖਾਰ ਆ ਰਿਹਾ ਹੈ। ਅੰਜੂ ਜੀਤ ਹਕੀਕੀ ਤੌਰ 'ਤੇ ਪੰਜਾਬ ਦੀ ਵਿਰਾਸਤ ਬੋਲੀ ਤੇ ਸਭਿਆਚਾਰ ਨਾਲ ਇੱਕ ਮਿੱਕ ਹੈ। ਇਹਨਾਂ ਦੀ ਕਲਮ ਤੋਂ ਸਾਨੂੰ ਪੁਸ਼ਤੈਨੀ ਪੰਜਾਬ ਵਾਲਿਆਂ ਨੂੰ ਵੀ ਢੇਰਾਂ ਦੇ ਢੇਰਾਂ ਆਸਾਂ ਤੇ ਉਮੀਦਾਂ ਨੇ। ਸਾਡੀ ਦਿਲੀ ਖਾਹਸ਼ ਹੈ ਕਿ ਬੀਬੀ ਜੀ ਧਰਮਾਂ, ਧੜਿਆਂ, ਦੇਸਾਂ ਤੇ ਜਾਤਾਂ ਵਿਚ ਲੀਰੋ ਲੀਰ ਹੋਈ ਪੰਜਾਬੀ ਨੂੰ ਜੋੜਨ ਦਾ ਪੁੰਨ ਸਦਾ ਹੀ ਖੱਟਦੇ ਰਹਿਣ। ਜੀਅ ਸਦਕੇ ਅੰਜੂਜੀਤ ਪਰਿਵਾਰ ਸਮੇਤ ਜਰਮਨੀ ਵੱਸੇ ਰੱਸੇ, ਬਾਲ ਬੱਚੇ 'ਡੂਇਚ' ਵਿਚ ਨਿਪੁੰਨਤਾ ਹਾਸਲ ਕਰਕੇ ਬੁਲੰਦੀਆਂ ਛੋਹਣ ਪਰ ਵਿਰਾਸਤੀ ਬੋਲੀ ਨਾਲ ਸਕੀਰੀ ਨੂੰ ਟੁੱਟਣ ਤੋਂ ਬਚਾ ਕੇ ਰੱਖਣ। ਆਪਣੀ ਮਾਂ ਮਿੱਟੀ ਤੇ ਮਾਦਰੀ ਜ਼ੁਬਾਨ ਲਈ ਇਹਦੇ ਵੱਲੋਂ ਪਹਿਲੋਂ ਮਾਰੀਆਂ ਮੱਲਾਂ ਲਈ ਮੁਬਾਰਕਾਂ ਅਤੇ ਨਵੀਂ ਕਿਤਾਬ ਦੀਆਂ ਵਧਾਈਆਂ। ਰੱਬ ਸੱਚਾ ਪੰਜਾਬਣ ਮਾਂ ਦੀ ਏਸ ਧੀ ਨੂੰ ਲੰਬੀ ਉਮਰ ਤੇ ਤੰਦਰੁਸਤੀ ਬਖਸ਼ੇ।

ਮੋਤਾ ਸਿੰਘ ਸਰਾਏ
ਸੰਚਾਲਕ-ਯੂਰਪੀ ਪੰਜਾਬੀ ਸੱਥ
ਵਾਲਸਾਲ-ਯੂ.ਕੇ.।

ਡਾ. ਨਿਰਮਲ ਸਿੰਘ
ਸੇਵਾਦਾਰ ਪੰਜਾਬੀ ਸੱਥ
ਲਾਂਬੜਾ ਜਲੰਧਰ

ਅਨੁਭਵ ਦੀ ਗਾਥਾ : ਸੋਚਾਂ ਦੀਆਂ ਪੈੜਾਂ

ਕਵਿਤਾ ਲਿਖਦਿਆਂ ਰਚਨਾਕਾਰ ਆਪਣੇ ਅਨੁਭਵ ਦਾ ਵਿਸਥਾਰ ਕਰਦਾ ਹੈ। ਕਵਿਤਾ ਦਾ ਘੇਰਾ ਰਚਨਾਕਾਰ ਆਪਣੇ ਗਿਆਨ ਦੇ ਘੇਰੇ ਤੋਂ ਬਾਹਰ ਮਿੱਥ ਹੀ ਨਹੀਂ ਸਕਦਾ। ਇਹਦਾ ਕਾਰਨ ਕਾਲਪਨਿਕ ਸਥਿਤੀਆਂ ਜਾਂ ਵਿਚਾਰਾਂ ਤੇ ਯਥਾਰਥ ਦੇ ਵਿਚਾਲੇ ਪੈਂਦੇ ਖੱਪੇ ਦਾ ਹੈ, ਉਹ ਖੱਪਾ ਕਿਵੇਂ ਭਰਿਆ ਜਾਵੇ? ਇਸ ਸਵਾਲ ਜਾਂ ਖੱਪੇ ਨੂੰ ਬਹੁਤ ਸਾਰੇ ਭਾਵਕਤਾ ਦੇ ਆਸਰੇ ਪੂਰਿਆ ਚਾਹੁੰਦੇ ਹਨ, ਪਰ ਇਹ ਕਾਰਜ ਨਿਭਾਉਣ ਵਾਸਤੇ ਕਵਿਤਾ ਬਾਰੇ ਸੂਝ ਹੋਣੀ ਬੜੀ ਜ਼ਰੂਰੀ ਹੈ। ਕਾਵਿਕਤਾ ਵਿਹੂਣੀ ਕਵਿਤਾ ਸ਼ਬਦਾਂ ਦਾ ਜੋੜ ਹੀ ਰਹਿ ਜਾਂਦਾ ਹੈ ਕਵਿਤਾ ਨਹੀਂ ਬਣਦੀ। ਕਵਿਤਾ ਦੀ ਸਮਝ ਰੱਖਣ ਵਾਲੇ ਕਵਿਤਾ ਨੂੰ 'ਕਵੀ ਦੇ ਨਿੱਜ ਦਾ ਪ੍ਰਗਟਾਵਾ. ਵੀ ਕਹਿੰਦੇ ਹਨ।

ਕਵੀ ਨੇ ਪ੍ਰਭਾਵਿਤ ਤਾਂ ਆਪਣੇ ਸਮਾਜ ਤੇ ਸਮਾਜਿਕ ਸਥਿਤੀਆਂ ਅਤੇ ਆਪਣੇ ਆਲੇ-ਦੁਆਲੇ ਤੋਂ ਹੀ ਹੋਣਾ ਹੁੰਦਾ ਹੈ। ਮਨੁੱਖ ਕਿਸ ਖੇਤਰ ਅਤੇ ਚੇਤਨਾ ਦੇ ਕਿਸ ਧੱਧਰ ਤੇ ਗੁਜ਼ਰ ਰਿਹਾ ਹੈ ਇਹ ਉਸਦੇ ਰਚਨਾਮਿਕ ਸੰਸਾਰ ਦੀਆਂ ਪੈੜਾਂ ਬਣਦੇ ਹਨ। ਉਸਦੀ ਵਿਚਾਰਧਾਰਕ ਸੂਝ ਸੇਧ ਮਿੱਥਣ ਦਾ ਕਾਰਜ ਨਿਭਾਉਂਦੀ ਹੈ। ਹੰਢਾਏ ਅਨੁਭਵ ਦਾ ਕਲਾਤਮਿਕ ਪ੍ਰਗਟਾ ਸਾਹਿਤਕ ਰੂਪਾਂ ਵਿਚ ਪ੍ਰਗਟ ਹੋਣ ਲਗਦਾ ਹੈ। ਇਹ ਸਾਹਿਤ ਦਾ ਕੋਈ ਰੂਪ ਜਾਂ ਵਿਧਾ ਹੋ ਸਕਦੀ ਹੈ। ਕਵਿਤਾ ਵੀ ਇਸਦਾ ਇਕ ਰੂਪ ਹੈ।

ਕਾਵਿ ਪੁਸਤਕ 'ਸੋਚਾਂ ਦੀਆਂ ਪੈੜਾਂ. ਦੀ ਕਵਿਤਾ ਮਨੁੱਖੀ ਰਿਸ਼ਤਿਆਂ ਦੀ ਸਦੀਵੀ ਹੋਂਦ ਅਤੇ ਉਹਦੇ ਅੰਦਰਲੇ ਵਿਰੋਧਾਂ ਦੇ ਮਿਸ਼ਰਣ ਦੀ ਵਿੱਥਿਆ ਵੀ ਕਹੀ ਜਾ ਸਕਦੀ ਹੈ ਵਿਆਖਿਆ ਵੀ। ਇਹ ਕਵਿਤਾ ਮਨੁੱਖੀ ਜੀਵਨ ਦੀ ਸਮੁੱਚਤਾ ਤੇ ਇਸਦੇ ਵੱਖੋ ਵੱਖ ਪਹਿਲੂਆਂ ਦੇ ਵਿਚਕਾਰ ਪੈਂਦੇ ਟੋਇਆਂ ਤੇ ਟਿੱਬਿਆਂ ਦਾ ਵਿਆਕਰਣ ਪੇਸ਼ ਕਰਦੀ ਹੈ। ਟੁੱਟ ਰਹੇ ਮਨੁੱਖੀ ਰਿਸ਼ਤਿਆਂ ਦਾ, ਮਨੁੱਖ ਦੇ ਗੁਆਚਦੇ ਜਾ ਰਹੇ ਅਸਤਿਤਵ ਦਾ, ਮਨੁੱਖ ਵਲੋਂ ਆਪਣੇ ਆਪ ਨਾਲੋਂ ਹੀ ਟੁੱਟਣ ਦਾ ਵੀ :

ਬਿਜੜੇ ਨੇ ਲਾ ਕੇ ਰੀਝਾਂ
ਆਲ੍ਹਣਾ ਬਣਾਇਆ ਦੇਰ ਤੱਕ
ਮੈਂ ਢਾਹ ਕੇ ਛੱਤ ਆਪਣੀ
ਬਾਰਿਸ਼ ਵਿਚ ਭਿੱਜਦਾ ਰਿਹਾ ਦੇਰ ਤੱਕ।

ਇਸ ਪੁਸਤਕ ਦੀ ਕਵਿਤਾ ਕਿਧਰੇ ਸਵੈ ਤੋਂ ਪਰ ਦਾ ਸਫਰ ਹੈ ਤੇ ਕਿਧਰੇ ਪਰ ਤੋਂ ਸਵੈ ਦਾ। ਦੋਸਤੀ ਦੀਆਂ ਤੈਹਾਂ ਫੋਲਦਿਆਂ ਇਸਦੇ ਦਾਇਰੇ ਨੂੰ ਮੋਕਲਾ ਕਰਨ ਦੇ ਰਾਹ ਤੁਰਦੀ ਹੈ। ਪਰ ਅੱਜ ਦੇ ਯੁੱਗ ਦੀ ਉਗੜੀ-ਦੁਗੜੀ ਤੋਰ ਵਿਚ ਕਵਿਤਾ ਬੋਲਦੀ ਹੈ :

ਉਲਝੇ ਧਾਗੇ ਦਾ ਸਿਰਾ ਲੱਭ ਰਿਹਾ ਹਾਂ
ਤੁਰ ਰਿਹਾ ਹਾਂ, ਪਰ ਰਸਤਾ ਲੱਭ ਰਿਹਾ ਹਾਂ
ਜ਼ਿੰਦਗੀ ਨੂੰ ਪੜ੍ਹ ਰਿਹਾ ਹਾਂ।

ਜਦੋਂ ਅਜਿਹੀ ਹਾਲਤ ਬਣ ਜਾਵੇ ਤਾਂ ਮਨੁੱਖ ਆਪਣੇ ਆਪ ਨੂੰ ਹੀ ਪੁੱਛਣ ਲੱਗ ਪੈਂਦਾ ਹੈ :

ਪਤਾ ਨਹੀਂ ਮੈਂ ਕਿਸ ਧਰਤੀ ਦੀ ਮਿੱਟੀ ਹਾਂ?

ਕੁੱਝ ਉਨ੍ਹਾਂ ਰਿਸ਼ਤਿਆਂ ਦਾ ਜ਼ਿਕਰ ਛਿੜਦਾ ਹੈ ਜੋ ਮੋਹ ਦੇ ਰਿਸ਼ਤੇ ਹੁੰਦੇ ਹਨ ਪਰ , ਸਮੇਂ ਦਾ ਗੇੜ ਜਾਂ ਭਟਕਣ ਦੇ ਰਾਹੇ ਪਿਆ ਮਨੁੱਖ ਆਪਣਾ ਆਪਾ ਭੁੱਲ ਜਾਂਦਾ ਹੈ। ਇਹ ਹੈਰਾਨੀ ਵਰਗਾ ਸੱਚ ਹੁੰਦਾ ਹੈ। ਬੇਯਕੀਨੀ ਦੇ ਦਾਗ ਹੰਢਾਉਂਦਿਆਂ ਮਨੁੱਖ ਕੁੱਝ ਦਾ ਕੁੱਝ ਹੋ ਜਾਂਦਾ ਹੈ। ਇਤਬਾਰ ਦੇ ਤਿੜਕ ਜਾਣ ਦੀ ਤ੍ਰੇੜ ਵਾਲੀ ਨਵੀਂ ਸਥਿਤੀ ਕਵਿਤਾ ਬਣ ਜਾਂਦੀ ਹੈ :

ਤੇਰਾ ਹਰ ਬਿਆਨ ਬਦਲ ਜਾਣਾ ਸੀ,

ਯਕੀਨ ਨਾ ਸੀ।
ਮੇਰਾ ਵਿਸ਼ਵਾਸ ਇਸ ਤਰ੍ਹਾਂ ਮਰ ਜਾਣਾ ਸੀ,
ਯਕੀਨ ਨਾ ਸੀ।
ਤੂੰ ਪਿਆਰ ਤੋਂ ਇਸ ਤਰ੍ਹਾਂ ਮੁੱਕਰ ਜਾਣਾ ਸੀ,
ਯਕੀਨ ਨਾ ਸੀ।
ਮੈਂ ਇਸ਼ਕ ਦਾ ਟੂਣਾ ਟੱਪ ਜਾਣਾ ਸੀ,
ਯਕੀਨ ਨਾ ਸੀ।

ਮਨੁੱਖ ਨੂੰ ਜਨਮ ਦੇਣ ਵਾਲੇ ਜਦੋਂ ਸਮੇਂ ਦੇ ਗੇੜ ਹੇਠ ਆ ਕੇ ਦਰੜੇ ਜਾਂਦੇ ਹਨ, ਤਾਂ ਬਹੁਤ ਹੈਰਾਨੀ ਹੁੰਦੀ ਹੈ, ਇਹੋ ਜਹੀ ਹਾਲਤ ਹੀ ਮਾਂ ਨੂੰ ਪਾਗਲ ਕਰਦੀ ਹੈ। ਪਿਉ ਨੂੰ ਆਪਣੇ ਹੀ ਜਾਇਆਂ ਵਲੋਂ ਦਿੱਤੀਆਂ ਕਮੀਨੀਆਂ ਸਥਿਤੀਆਂ ਨਾਲ ਸਮਝੌਤਾ ਕਰਨ ਲਈ ਮਜਬੂਰ ਕਰਦੀ ਹੈ। ਆਪਣਿਆਂ ਦੇ ਹੁੰਦਿਆ ਇਕਲਾਪੇ ਦਾ 'ਰੋਗ. ਸਹੇੜਨਾ ਉਨ੍ਹਾਂ ਦੀ 'ਤਕਦੀਰ. ਬਣ ਜਾਂਦੀ ਹੈ। ਇਸੇ ਕਰਕੇ ਹੀ ਬਹੁਤ ਕੁੱਝ ਅਣਕਿਆਸਿਆ ਵੀ ਵਾਪਰਦਾ ਹੈ। ਆਪਣਿਆਂ ਦੀ ਬੇਗਾਨਗੀ ਗਲ਼ ਦਾ ਕੋਝਾ ਤਵੀਤ ਬਣ ਜਾਂਦੀ ਹੈ :

ਮਾਂ ਵਿਚਾਰੀ ਰਹੀ ਹਸਰਤਾਂ ਗੁੰਨ੍ਹਦੀ
ਬੈਠੀ ਰਹਿੰਦੀ ਹੈ ਕਮਰੇ .ਚ ਇਕੱਲੀ
ਪੁੱਤਰ ਨੂੰ ਉਡੀਕਦੀ।

ਅੱਜ ਦੇ ਭੋਗਵਾਦੀ ਯੁੱਗ ਦਾ ਇਹ ਹੀ ਸੰਤਾਪ ਹੈ ਕਿ ਰਿਸ਼ਤਿਆਂ ਦਾ ਮੋਹ ਜੀਵਨ ਵਿਚੋਂ ਕਿਰਦਾ ਜਾ ਰਿਹਾ ਹੈ। ਵਾਰ ਵਾਰ ਉੱਠਦੇ ਸਵਾਲ ਮਨੁੱਖ ਨੂੰ ਸੋਚਣ ਵਾਸਤੇ ਮਜਬੂਰ ਕਰਦੇ ਹਨ ਕਿ :

ਪ੍ਰਸ਼ਨ ਜ਼ਿੰਦਗੀ ਹੈ
ਜਾਂ ਜ਼ਿੰਦਗੀ ਪ੍ਰਸ਼ਨ ਹੈ।

ਜਦੋਂ ਮਨੁੱਖ ਜ਼ਿੰਦਗੀ ਨੂੰ ਵਾਚਦਾ ਤੇ ਪੜਤਾਲਦਾ ਹੈ ਤਾਂ ਪਰਤੌਅ ਵਜੋਂ ਆਪੇ ਦਾ ਅਕਸ ਹੀ ਨਜ਼ਰ ਆਉਂਦਾ ਹੈ। ਫੇਰ ਅਸੀਂ ਇਸ ਵੱਲ ਧਿਆਨ ਨਾ ਦਿੰਦਿਆਂ ਅੱਗੇ ਲੰਘਣ ਦਾ ਮੀਸਣਾ ਯਤਨ ਕਰਦੇ ਹਾਂ। ਇਸੇ ਸਥਿਤੀ ਵਿਚ ਰਿਸ਼ਤਿਆਂ ਦੀ ਹੇਠੀ ਹੁੰਦੀ ਹੈ। ਮਾਂ-ਬਾਪ ਦਾ ਅਕਸ ਝੌਲ਼ਾ ਹੋਣ ਲਗਦਾ ਹੈ, ਮਨੁੱਖ ਆਪਣੇ ਆਪ ਤੋਂ ਟੁੱਟਦਿਆਂ ਦੂਰ ਜਾਣ ਦਾ ਯਤਨ ਕਰਦਾ ਹੈ। ਕਈ ਵਾਰ ਸਮਾਜਿਕ ਸਥਿਤੀਆਂ ਦਾ ਦਬਾਅ ਨਾ ਸਹਾਰਦਿਆਂ ਮਨੁੱਖ ਦਾ ਆਪਾ ਕਮਜ਼ੋਰ ਹੋਣ ਲਗਦਾ ਹੈ। ਕਈ ਵਾਰ ਇਨ੍ਹਾਂ ਹਾਲਤਾਂ ਵਿਚ ਸੂਖਮਤਾ ਨਾਲ ਜੁੜੇ ਸੰਵੇਦਨਸ਼ੀਲ ਮਨੁੱਖ ਦੀਆਂ ਭਾਵਨਾਵਾਂ ਦਾ ਘਾਣ ਹੁੰਦਾ ਹੈ, ਬਚਣ ਦਾ ਰਾਹ ਕਲਾ ਦੀ ਬੁੱਕਲ਼ ਵਿਚ ਬਹਿ ਕੇ ਸਿਰਜਣਾ ਕਰਨਾ ਹੋ ਨਿੱਬੜਦਾ ਹੈ।

ਅੱਜ ਦੇ ਯੁੱਗ ਵਿਚ ਤਬਦੀਲੀਆਂ ਤੇਜੀ ਨਾਲ ਵਾਪਰਦੀਆਂ ਹਨ। ਇਸ ਤੇਜੀ ਦੇ ਯੁੱਗ ਵਾਲੇ ਹਾਬੜਪੁਣੇ ਨੇ, ਮਨੁੱਖ ਦੇ ਅਸਤਿਤਵ ਨੂੰ ਖੋਰਾ ਲਾਇਆ ਹੈ ਜਿਸ ਦੇ ਸਿੱਟੇ ਵਜੋਂ ਬਹੁਤ ਸਾਰੇ ਲੋਕ ਇਕੱਲਤਾ ਦੇ ਵਸ ਪੈ ਜਾਂਦੇ ਹਨ :

ਭੀੜ ਭੜੱਕੇ ਵਿਚ ਹੁਣ ਮੈਂ ਥੱਕ ਜਾਂਦਾ ਹਾਂ
ਇਕੱਲੇਪਨ ਵਿਚ ਮਿਲਦਾ ਹਾਂ ਮੈਂ
ਆਪਣੇ ਅੰਦਰਲੇ ਮਹਿਮਾਨ ਨੂੰ ਹੁਣ ਹਰ ਰੋਜ਼ ਦੋਸਤਾ।

ਮਨੁੱਖ ਹਾਰ ਕੇ ਕਿਸ ਪਾਸੇ ਵੱਲ ਵਧਦਾ ਹੈ, ਸੌਖਾ ਜਿਹਾ ਰਾਹ ਭਾਲਦਾ ਹੈ, ਪਰ ਉਥੋਂ ਵੀ ਨਿਰਾਸ਼ਾ ਲੈ ਕੇ ਮੁੜਦਾ ਹੈ:

ਕਿਉਂ ਪੂਜਾਂ ਮੈਂ ਬੁੱਤ ਪੱਥਰ ਦੇ ਨੂੰ?

ਮੱਥਾ ਰਗੜ ਰਗੜ ਰੋੜ ਪਵਾ ਲਿਆ
ਹਾਲਤ ਵੇਖ ਮੇਰੀ ਉਹ ਪਿਘਲਦਾ ਨਹੀਂ

ਅੱਜ ਦੇ ਸਮੇਂ ਸਾਡੇ ਪੰਜਾਬੀ ਸਮਾਜ ਵਿਚ ਕੁੜੀਆਂ ਦੀ ਭਰੂਣ ਹੱਤਿਆ ਦੀ ਬਹੁਤ ਚਰਚਾ ਹੈ ਅੰਜੂਜੀਤ ਸ਼ਰਮਾ ਦੀ ਕਵਿਤਾ ਧੀ ਧਿਆਣੀ ਦਾ ਜ਼ਿਕਰ ਮੋਹ ਵਾਲੇ ਸੰਦਰਭ ਵਿਚ ਕਰਦੀ ਹੈ। ਧੀ ਆਉਣ .ਤੇ ਕਹਿੰਦੀ ਹੈ :

ਖਾਲੀ ਖਾਲੀ ਘਰ ਭਰ ਗਿਆ
ਜਦ ਤੂੰ ਆਈ
ਮੇਰਾ ਵਕਤ ਤੁਰਨ ਲੱਗ ਪਿਆ
ਜਦ ਤੂੰ ਆਈ।

'ਸੋਚਾਂ ਦੀਆਂ ਪੈੜਾਂ. ਨਾਮੀ ਇਸ ਪੁਸਤਕ ਵਿਚ ਵੱਖੋ ਵੱਖ ਵਿਸ਼ਿਆਂ ਨੂੰ ਲੈ ਕੇ ਲਿਖੀਆਂ ਗਈਆਂ ਖੁਬਸੂਰਤ ਕਵਿਤਾਵਾਂ ਪਾਠਕਾਂ .ਤੇ ਆਪਣਾ ਅਸਰ ਛੱਡਣਗੀਆਂ। ਉਹ ਰਿਸ਼ਤਿਆਂ ਦਾ ਦਵੰਧ ਹੈ , ਦੋਸਤੀ ਦਾ ਓਹਲਾ ਹੈ, ਪਰਦੇਸ ਵਿਚ ਵੀ ਬੇਗਾਨੇ ਨਾ ਹੋਣਾ ਹੈ। ਆਪਣੀ ਜੰਮਣ ਭੋਇੰ ਨੂੰ ਚੇਤੇ ਕਰਦਿਆਂ ਅਪਣੱਤ ਦਾ ਲਿਬਾਸ ਪਹਿਨਣਾਂ ਹੈ। ਮਨੁੱਖ ਜਿੱਥੇ ਵੀ ਜਾਂਦਾ ਹੈ ਨਵੀਆਂ ਸਥਿਤੀਆਂ ਵਿਚ ਨਵੇਂ ਲੋਕ ਹੋਣਗੇ, ਨਵੇਂ ਰਿਸ਼ਤੇ ਬਣਨਗੇ, ਦੋਸਤੀਆਂ ਹੋਣਗੀਆਂ। ਜ਼ਿੰਦਗੀ ਅੱਗੇ ਵੱਲ ਤੁਰਦੀ ਰਹੇਗੀ।

ਦੋਸਤੀ ਮਨੁੱਖੀ ਜ਼ਿੰਦਗੀ ਦਾ ਸੱਚਾ ਸੁੱਚਾ ਹਾਸਲ ਹੁੰਦਾ ਹੈ। ਅੰਜੂ ਦੀ ਕਵਿਤਾ ਆਪਣੇ ਦੋਸਤਾਂ ਲਈ ਦੁਆ ਕਰਦੀ ਹੈ :

ਤੇਰੀ ਹਰ ਖਾਹਿਸ਼ ਪੂਰੀ ਹੋਵੇ
ਦੁਆ ਹੈ ਮੇਰੀ
ਤੇਰੇ ਸੁਪਨਿਆਂ ਦਾ ਸੰਸਾਰ ਸਲਾਮਤ ਰਹੇ
ਦੁਆ ਹੈ ਮੇਰੀ।

'ਸੋਚਾਂ ਦੀਆਂ ਪੈੜਾਂ. ਨਾਮੀ ਆਪਣੀ ਪਹਿਲੀ ਕਾਵਿ ਪੁਸਤਕ ਲੈ ਕੇ ਅੰਜੂਜੀਤ ਸ਼ਰਮਾਂ ਪੰਜਾਬੀ ਸਾਹਿਤ ਦੇ ਵਿਹੜੇ ਆਈ ਹੈ। ਪਰਦੇਸ ਵਸਦਿਆਂ ਨਵੇਂ ਅਨੁਭਵ, ਨਵੀਂ ਸੋਚ ਦੇ ਆਸਰੇ ਆਪਣੇ ਹੱਡੀਂ ਹੰਢਾਏ ਅਨੁਭਵ ਨੂੰ ਕਵਿਤਾ ਦਾ ਰੂਪ ਦੇ ਕੇ ਆਪਣਿਆਂ ਦੀ ਝੋਲੀ ਪਾਉਣ ਦਾ ਇਹ ਉਹਦਾ ਪਹਿਲਾ ਜਤਨ ਸ਼ਲਾਘਾ ਦੀ ਮੰਗ ਕਰਦਾ ਹੈ।

ਅੰਜੂਜੀਤ ਸ਼ਰਮਾ ਦੇ ਇਸ ਪਹਿਲੇ ਸਾਹਿਤਕ ਜਤਨ ਲਈ ਪੰਜਾਬੀ ਕਵਿਤਾ ਦੇ ਵਿਹੜੇ, ਜੀ ਆਇਆਂ ਨੂੰ।

ਕੇਹਰ ਸ਼ਰੀਫ਼
ਵਿਟਨ (ਜਰਮਨੀ)
ਇਕ ਮਾਰਚ ਵੀਹ ਸੌ ਗਿਆਰਾਂ

ਕਿਤਾਬ ਦੀ ਤਰਤੀਬ

1 ਤੇਰੀ ਨਸੀਹਤ ਦਾ ਅਸਰ ਨਹੀਂ ਹੁੰਦਾ
2 ਕਵੀ ਦਾ ਸੁਭਾਅ
3 ਮੇਰੀ ਨਾਨੀ ਦੀ ਕਹਾਣੀ
4 ਚਿਹਰੇ ਦੇ ਨਿਸ਼ਾਨ
5 ਤੇਰਾ ਤੇ ਮੇਰਾ ਕੋਈ ਝਗੜਾ ਨਹੀਂ
6 ਦੋਸਤ ਦੇ ਨਾਂ ਖ਼ਤ
7 ਕਿਉਂ ਪੂਜਾਂ ਮੈਂ ਪੱਥਰਾਂ ਨੂੰ ?
8 ਜ਼ਿੰਦਗੀ ਦਾ ਮਿਜਾਜ਼
9 ਦੇਰ ਤੱਕ
10 ਜ਼ਿੰਦਗੀ ਪ੍ਰਸ਼ਨ ਹੈ ?
11 ਛੋਟਾ ਜਿਹਾ ਚੱਕਰ
12 ਗੱਲ ਹਰ ਇੱਕ ਦੀ ਸੁਣੋ
13 ਮੇਰੀ ਦੁਆ ਹੈ
14 ਆਪਣੇ ਆਪ ਤੋਂ ਲੁਕਣਾ
15 ਤੂੰ ਹੀ ਤੂੰ
16 ਜ਼ਿੰਦਗੀ
17 ਮੈਂ ਫਿਰ ਵੀ ਖ਼ੁਦਾ ਨੂੰ ਮੰਨਦਾ ਹਾਂ
18 ਰਿਸ਼ਤੇ
19 ਜਦ ਮਾਂ ਪਾਗਲ ਹੋ ਜਾਂਦੀ ਹੈ
20 ਜ਼ਿੰਦਗੀ ਦੀ ਕਿਤਾਬ ਲਿਖ਼ ਰਿਹਾ ਹਾਂ
21 ਮੇਰਾ ਸ਼ੀਸ਼ਾ
22 ਯਕੀਨ ਨਾ ਸੀ
23 ਸਾਵਣ ਦਾ ਨਜ਼ਾਰਾ
24 ਅਧੂਰਾ ਤੇ ਖ਼ਾਮੋਸ਼ ਰਿਸ਼ਤਾ
25 ਮਾਂ ਬਾਪ ਦੀ ਹਾਲਤ
26 ਮੈਥੋਂ ਤੇਰਾ ਕਰਜ਼ ਨਹੀ ਲਹਿਣਾ
27 ਮਾਸ ਦਾ ਲੋਥੜਾ
28 ਉਡੀਕ
29 ਸ਼ਾਇਰੀ
30 ਇੰਝ ਨਾ ਕਰਿਆ ਕਰ
31 ਮੇਰਾ ਦੋਸਤ ਮੇਰਾ ਰੱਬ
32 ਚੈਨ ਨਹੀਂ ਅਉਂਦਾ
33 ਮੈਂ ਡਰਦਾ ਹਾਂ

34 ਸ਼ਿਵ ਦਾ ਵਰਦਾਨ
35 ਜਰਾ ਸੋਚ ਕੇ ਦੱਸੀਂ
36 ਮੈਂਨੂੰ ਸਜਾ ਦਿਉ
37 ਤੇਰੀ ਦੀਦ ਦਾ ਨਸ਼ਾ
38 ਮੈਂ ਸਫਰ ਵਿੱਚ ਰਿਹਾ
39 ਜਿਵੇ ਘੂਰਦਾ ਹੋਵੇ ਕੋਈ
40 ਅੱਜ ਦੀ ਸੋਚ
41 ਮਾਂ
42 ਆਤਮਾਂ ਸਭ ਜਾਣਦੀ ਹੈ
43 ਮੈਂ ਤੇਰਾ ਭਲਾ ਨਹੀਂ ਚਹੁੰਦਾ
44 ਪਡਗਲ
45 ਸ਼ਰਧਾਂਜਲੀ
46 ਚੰਦ ਸੂਰਜ ਦਾ ਕਿੱਸਾ
47 ਮੇਰੇ ਆਪਣੇ ਅਸੂਲ
48 ਤੇਰੀ ਅਦਾ ਖੂਬ ਸੀ
49 ਪੱਥਰ ਦਿਲ ਧੜਕਿਆ
50 ਆਮੀਨ
51 ਐਸਾ ਹੋਵੇ ਜਨੂੰਨ ਤੇਰਾ
52 ਮੈਂ ਕੀ ਸਾਂ ਤੁਹਾਡੇ ਵਾਸਤੇ
53 ਬਿਨ ਤੇਰੇ
54 ਜਦ ਔਰਤ ਤੋਂ ਮੈਂ ਮਾਂ ਬਣੀ
55 ਮੇਰੀ ਹਸਤੀ ਦਾ ਚਿੱਤਰਕਾਰ ਖ਼ੁਦਾ ਹੈ
56 ਜਦ ਤੂੰ ਮੇਰੇ ਵਿਹੜੇ ਆਈ

ਤੇਰੀ ਨਸੀਹਤ ਦਾ ਅਸਰ ਨਹੀਂ ਹੁੰਦਾ

ਜਿਵੇਂ ਕੋਈ ਆਪਣੇ ਮਹਿਬੂਬ ਦੀਆਂ ਬਾਹਾਂ 'ਚ ਲਿਪਟੇ
ਮੈਂ ਇੰਝ ਲਿਪਟਾਂ, ਮੈਂ ਇੰਝ ਲਿਪਟਾਂ
ਆਪਣੇ ਹੀ ਜਿਸਮ ਦੀਆਂ ਬਾਹਾਂ 'ਚ, ਮੈਂ ਇੰਝ ਲਿਪਟਾਂ
ਟੁੱਟ ਕੇ ਕਰ ਬੈਠੀ ਹਾਂ, ਮੈਂ ਖ਼ੁਦ ਨੂੰ ਪਿਆਰ ਇੰਨਾ
ਕਿ ਤੇਰੀ ਨਸੀਹਤ ਦਾ ਮੇਰੇ 'ਤੇ ਅਸਰ ਨਹੀਂ ਹੁੰਦਾ
ਜ਼ਮਾਨਾ ਕਰਦਾ ਹੈ ਇਸ਼ਾਰੇ, ਮੇਰੀ ਹਰ ਕਮਜ਼ੋਰੀ 'ਤੇ
ਸੁਧਰਨ ਨੂੰ ਦਿਲ ਮੇਰਾ ਹੀ ਨਹੀਂ ਕਰਦਾ
ਲਹੂ ਲੁਹਾਣ ਹਾਂ ਬੇਸ਼ੱਕ, ਆਪਣੇ ਹੀ ਫ਼ੈਸਲਿਆਂ ਤੋਂ
ਕਿਰਚਾਂ ਹੋਇਆ ਕੱਚ ਚੁੱਕਣਾ, ਮੈਨੂੰ ਬੁਰਾ ਨਹੀਂ ਲਗਦਾ
ਮੈਨੂੰ ਆਪਣੇ ਵਿੱਚ ਕੋਈ ਨੁਕਸ ਹੀ ਨਹੀਂ ਲੱਭਦਾ
ਮੈਂ ਠੀਕ ਹਾਂ, ਮੈਨੂੰ ਤਾਂ ਤੂੰ ਹੀ ਗਲਤ ਲੱਗਦਾਂ
ਆਪਣੇ ਹੀ ਜਿਸਮ ਦੀਆਂ ਬਾਹਾਂ ਚ 'ਅੰਜੂ' ਇੰਝ ਲਿਪਟਾਂ
ਮੈਥੋਂ ਮੇਰੇ ਬਗੈਰ ਹੋਰ ਕਿਸੇ ਸੰਗ ਪਿਆਰ ਹੀ ਨਹੀਂ ਹੁੰਦਾ
ਤੇਰੀ ਨਸੀਹਤ ਦਾ ਮੇਰੇ 'ਤੇ ਅਸਰ ਨਹੀਂ ਹੁੰਦਾ।

ਕਵੀ ਦਾ ਸੁਭਾਅ

ਬਹੁਤ ਨਾਜ਼ੁਕ ਮਿਜਾਜ਼ ਹੁੰਦਾ ਹੈ, ਕਵੀ
ਦੁਨੀਆਂ ਤੋਂ ਵੱਖ਼ਰਾ, ਮਸਤ ਕਲੰਦਰ ਹੁੰਦਾ ਹੈ, ਕਵੀ
ਕਾਇਨਾਤ ਨਾਲ ਪਿਆਰ ਕਰਦਾ ਹੈ, ਕਵੀ
ਪਿਆਰ ਨੂੰ ਹੀ ਮਜ਼ਹਬ ਆਖਦਾ ਹੈ, ਕਵੀ
ਆਪਣੇ ਹੀ ਢੰਗ ਨਾਲ ਇਬਾਬਤ ਕਰਦਾ ਹੈ, ਕਵੀ
ਬਹੁਤ ਨਾਜ਼ੁਕ ਮਿਜਾਜ਼.....
ਆਸ਼ਕ ਮਿਜਾਜ਼ ਹੁੰਦਾ ਹੈ, ਕਵੀ
ਹਰਫ਼ਾਂ ਵਿੱਚ ਮਸਤੀ, ਸ਼ਰਾਰਤ, ਸਾਦਗੀ ਲਿਖ਼ਦਾ ਹੈ, ਕਵੀ
ਅਧੂਰੇ ਬੋਲਾਂ ਵਿੱਚ ਕਵਿਤਾ ਮੁਕੰਮਲ ਕਰਦਾ ਹੈ, ਕਵੀ
ਮਹਿਬੂਬ ਆਪਣੇ ਤੀਕਰ ਜਜ਼ਬਾਤ ਪਹੁੰਚਾਉਂਦਾ ਹੈ, ਕਵੀ
ਅਧੂਰੀ ਤੇ ਖ਼ਾਮੋਸ਼ ਮੁਹੱਬਤ ਨੂੰ ਦੀਵਨਗੀ ਨਾਲ ਪੂਜਦਾ ਹੈ, ਕਵੀ
ਬਹੁਤ ਹੀ ਜਜ਼ਬਾਤੀ ਮਿਜਾਜ਼ ਦਾ ਹੁੰਦਾ ਹੈ, ਕਵੀ
ਆਸ਼ਕ ਮਿਜਾਜ਼ .....
ਕ੍ਰਾਂਤੀਕਾਰੀ ਸੁਭਾਅ ਦਾ ਹੁੰਦਾ ਹੈ, ਕਵੀ
ਤਬਦੀਲੀ, ਤਰੱਕੀ, ਇਨਕਲਾਬ ਦੀ ਗੱਲ ਕਰਦਾ ਹੈ, ਕਵੀ
ਇੱਕ ਵੱਖ਼ਰੀ ਹੀ ਨਜ਼ਰ ਨਾਲ ਸੰਸਾਰ ਨੂੰ ਤੱਕਦਾ ਹੈ, ਕਵੀ
ਜ਼ਾਲਮ ਲਈ ਵੰਗਾਰ, ਤਲ਼ਵਾਰ ਤੇ ਮਜ਼ਲੂਮ ਨੂੰ ਹੱਕਾਂ ਦੀ ਗੱਲ ਸਮਝਾਵੇ, ਕਵੀ
ਦੂਜਿਆ ਨਾਲੋਂ ਵੱਖਰਾ ਅਤੇ ਸੱਚ 'ਤੇ ਅੜ ਜਾਂਦਾ ਹੈ, ਕਵੀ
ਕ੍ਰਾਂਤੀਕਾਰੀ ਸੁਭਾਅ ਦਾ.....

ਆਸ਼ਾਵਾਦੀ ਸੁਭਾਅ, ਖ਼ੁਸ਼ ਮਿਜਾਜ਼ ਦਾ ਹੁੰਦਾ ਹੈ, ਕਵੀ,
ਸੁਪਨਿਆਂ ਦੇ ਖਿਡੌਣੇ ਵੰਡੇ, ਬੁੱਲਾਂ ਤੇ ਮੁਸਕਾਰਹਟ ਲਿਆਵੇ, ਕਵੀ
ਉੱਜੜੀ ਬਸਤੀ ਨੂੰ ਉਸਾਰਨ ਦੀ ਹਿੰਮਤ ਦਿੰਦਾ ਹੈ, ਕਵੀ
ਵੈਰ-ਵਿਰੋਧ ਦੀ ਅੱਗ ਨੂੰ ਸ਼ਬਦਾਂ ਦਾ ਜਲ ਪਾ ਪਾ ਸੀਤ ਕਰੇ, ਕਵੀ
ਬਰਬਾਦੀਆ ਦੇ ਰਾਹਾਂ ਤੇ ਫੁੱਲ ਸੁੱਟੇ, ਕਵੀ
ਜ਼ਿੰਦਗੀ ਕੀ ਹੈ? ਬਾਹੋਂ ਫੜ ਫੜ ਦੱਸੇ, ਕਵੀ
ਆਸ਼ਾਵਾਦੀ ਸੁਭਾਅ ਖ਼ੁਸ਼ ਮਿਜਾਜ਼.....
ਆਤਮਾ ਨੂੰ ਝੰਜੋੜ ਦੇਵੇ ਕਵੀ, ਜਦ ਸਰੂਰ ਵਿੱਚ ਆਵੇ, ਕਵੀ
ਜਦ ਸੋਚਾਂ ਦੀ ਕਲਮ ਦੇ ਜ਼ੌਹਰ ਦਿਖਾਵੇ, ਕਵੀ
ਦਿਲ ਦਾ ਸ਼ਹਿਨਸ਼ਾਹ ਲਫ਼ਜ਼ਾਂ ਦੇ ਮੋਤੀ ਪਰੋਵੇ, ਕਵੀ
ਸ਼ਾਇਰੀ ਦੇ ਖ਼ੂਹ ਵਿੱਚੋਂ ਰੱਜ ਰੱਜ ਪਾਣੀ ਪੀਵੇ ਤੇ ਪਿਆਸ ਬੁਝਾਵੇ, ਕਵੀ
ਕਦੇ ਅੱਜ ਨੂੰ ਸੰਭਾਲੇ ਕਦੇ ਭੁੱਲੀ ਹੋਈ ਤਵਾਰੀਖ ਯਾਦ ਕਰਵਾਏ, ਕਵੀ
ਜ਼ਿੰਮੇਵਾਰ ਹੁੰਦਾ ਹੈ ਕਵੀ, ਵਫਾਦਾਰੀ ਦੀ ਗੱਲ ਕਰੇ, ਕਵੀ
ਆਪਣੇ ਕਿਰਦਾਰ ਦੀ ਮੂਰਤ ਵਿੱਚ ਕਵਿਤਾ ਦਿਖਾਵੇ, ਕਵੀ.
ਜਦ ਸਾਜਦਾ ਹੈ ਅਦਬ ਦੀ ਮਹਿਫ਼ਲ਼ ਵਿੱਚ ਮਹਿਫ਼ਲੇ ਮਾਹੌਲ, ਕਵੀ
ਸਜਾਕੇ ਸਿਰ ਤੇ ਸ਼ਾਇਰੀ ਦੀ ਕਲਗੀ 'ਅੰਜੂ' ਵਿੱਚ ਮਸਤੀ ਝੂੰਮਦਾ ਹੈ,
ਕਵੀ
ਆਤਮਾ ਨੂੰ ਝੰਜੋੜ.....
ਕਦੇ ਨਾਜ਼ੁਕ, ਕਦੇ ਅੜੀਅਲ, ਕਦੇ ਆਸ਼ਕ ਮਿਜਾਜ਼ ਹੁੰਦਾ ਹੈ, ਕਵੀ।

ਮੇਰੀ ਨਾਨੀ ਦੀ ਕਹਾਣੀ

ਕਦੇ ਕਦੇ ਜਦ ਮੈਂ ਨਾਨੀ ਦੇ ਘਰ ਜਾਂਦੀ ਸੀ
ਨਾਨੀ ਸੁਣਾਉਂਦੀ ਸੀ ਇਕ ਦੁੱਖ ਭਰੀ ਕਹਾਣੀ
ਮੇਰੇ ਲਈ ਤਾਂ ਉਹ ਜਿਵੇਂ ਇੱਕ ਬਾਤ ਸੀ
ਕਿਉਂਕਿ
ਮੈਂ ਅਜ਼ਾਦ ਹਿੰਦੋਸਤਾਨ ਦਾ ਅਜ਼ਾਦ ਪੰਛੀ ਸੀ
ਨਾਨੀ ਮੇਰੀ ਦੀਆਂ ਰੋ ਰੋ ਕੇ ਅੱਖਾਂ ਲਾਲ ਹੋ ਜਾਂਦੀਆਂ ਸੀ
ਘਰ ਦਾ ਬੂਹਾ ਖੋਲ੍ਹ ਨਾਨੀ ਵਿੱਚ ਡਿਊਢੀ ਖੜ ਜਾਂਦੀ ਸੀ
ਔਹ, ਸਾਹਮਣੇ ਵਾਲਾ ਜਿਹੜਾ ਘਰ ਹੈ
ਇਹ ਕਿਸੇ 'ਮੁਸਲਮਾਨ' ਦਾ ਸੀ, ਨਾਨੀ ਦੱਸਦੀ ਹੁੰਦੀ ਸੀ
ਅੱਜ ਇਹ ਖ਼ਾਲੀ ਤੇ ਖ਼ੰਡਰ ਹੈ
ਨਾਨੀ ਜਿਗਰਾ ਕਰਕੇ ਗੱਲ ਦੱਸੀ ਜਾਂਦੀ ਸੀ
ਡਾਢ੍ਹਾ ਪਿਆਰ ਸੀ ਅਸਾਂ ਦਾ,
ਨਾ ਜਾਤ-ਪਾਤ, ਨਾ ਕੁਰਾਨ, ਨਾ ਗੀਤਾ ਵਿਚ ਕੋਈ ਭੇਦ-ਭਾਵ ਸੀ
ਬਸ ਬੰਦਾ ਹੀ ਬੰਦੇ ਲਈ ਖ਼ੁਦਾ ਤੇ ਭਗਵਾਨ ਸੀ
ਨਾਨੀ ਬੋਲਦੀ ਬੋਲਦੀ ਚੁੱਪ ਹੋ ਜਾਂਦੀ ਤੇ ਫਿਰ ਇੱਕ ਦਮ ਬੋਲ਼ਦੀ
ਤੇਰਾ ਨਾਨਾ ਤੇ 'ਯੂਸਫ਼ ਖ਼ਾਨ' ਪੱਕੇ ਆੜੀ ਸੀ
ਇਸ ਗਲ਼ੀ ਵਿੱਚ ਕਦੇ ਲੱਗਦੀ ਬਹੁਤ ਰੌਣਕ ਸੀ
ਇਸ ਸਾਂਝੀ ਖ਼ੂਹੀ ਤੋਂ ਭਰਦੇ ਸਭ ਪਾਣੀ ਸੀ
'ਬੇਗ਼ੋ' ਯੂਸਫ਼ ਦੀ ਘਰਵਾਲੀ ਸੀ
ਮੇਰੀ ਮਾਂ ਦੀ ਬਣੀ ਹੋਈ ਮਾਸੀ ਸੀ
ਨਾਨੀ ਤੇ ਬੇਗ਼ੋ ਰਲ਼ ਕੇ ਰਿੜਕਦੀਆ ਦੁੱਖ-ਸੁੱਖ ਦੀ ਮਧਾਣੀ ਸੀ
ਨਾਨੀ ਮੇਰੀ ਸੁਣਾਉਂਦੀ ਮੈਨੂੰ ਇੱਕ ਕਹਾਣੀ ਸੀ

ਫਿਰ ਲੈ ਜਾਂਦੀ ਮੈਨੂੰ ਨੀਲੋ ਦਰਿਆ ਵੱਲ ਸੀ
ਇਹੀ ਹੈ
ਇਹੀ..
ਉਹ ਚੰਦਰੀ ਜਗ੍ਹਾ, ਜਿਥੇ ਵੱਢ-ਟੁਕ ਹੋਈ ਸੀ
ਪਾਣੀ 'ਚ' ਜ਼ਾਲਮਾਂ ਨੇ ਲਾਲੀ ਘੋਲੀ ਸੀ
'ਬੇਗੋ' ਵੱਢ ਦਿੱਤੀ ਗਈ, ਪਾਣੀ ਵਿਚ ਰੋੜ੍ਹ ਦਿੱਤੀ ਗਈ
'ਯੂਸਫ਼' ਖ਼ਬਰੇ ਵਿਚਾਰਾ ਚਲੇ ਗਿਆ ਵਿਚ ਪਾਕਿਸਤਾਨ ਸੀ
ਘਰ ਭਰਿਆ ਲੁੱਟਿਆ ਜਿਸ ਜਿਸ ਦਾ ਵੀ ਦਾਅ ਲੱਗਿਆ ਸੀ
ਕੁਝ ਮੁਸਲਮਾਨਾਂ ਨੇ ਕੀਤਾ ਅਸਾਂ 'ਤੇ ਵੀ ਵਾਰ ਸੀ
ਸਾਨੂੰ ਬਚਾ ਲਿਆ ਏਸ ਪਿੰਡ ਦੇ ਹੀ ਮੁਸਲਮਾਨਾਂ ਨੇ ਸੀ
ਨਾਨੀ ਸੁਣਾਉਂਦੀ ਪਿੰਡ ਦੀ ਬਰਬਾਦੀ ਦੀ ਕਹਾਣੀ ਸੀ
ਅਜ਼ਾਦੀ ਨਹੀਂ ਸਗੋਂ, ਟੁੱਟੀਆ ਸਾਂਝਾਂ ਤੇ ਉਦਾਸ ਜ਼ਿੰਦਗੀਆਂ ਦੀ ਕਹਾਣੀ ਸੀ
ਪਤਾ ਨਾਨੀ ਨੂੰ ਵੀ ਸੀ, ਹੁਣ ਕਦੇ 'ਯੂਸਫ਼' ਨਾ ਕਦੇ 'ਬੇਗ਼ੋ' ਪਰਤੇਗੀ
ਪਰ ਫਿਰ ਵੀ ਨਾਨੀ ਬਹੁਤ ਸਾਰੇ ਸਵਾਲ਼ ਲੈ ਕੇ ਬੰਦ ਜ਼ਿੰਦਰੇ ਨੂੰ ਦੇਖਦੀ
ਰਹਿੰਦੀ
ਐਸਾ ਸੀ ਪਿਆਰ ਅਸਾਂ ਦਾ ਮਾਣ ਨਾਲ ਕਹਿੰਦੀ
ਹਰ ਦਿਨ ਤਿਉਹਾਰ ਤੇ ਯਾਦ ਕਰਦੀ,
ਦੇਸ਼ ਵੰਡ ਦੇ ਹੋਏ ਗ਼ਲਤ ਫ਼ੈਸਲ਼ੇ ਨੂੰ ਕੋਸਦੀ
ਮੈਂ ਅਜ਼ਾਦ ਹਿੰਦੋਸਤਾਨ ਦਾ ਅਜ਼ਾਦ ਪੰਛੀ
ਨਾਨੀ ਦੇ ਦਰਦ ਨੂੰ ਕਿਸੇ ਰਾਤ ਦੀ ਬਾਤ ਵਾਗੂੰ ਸੁਣਦੀ
ਜਦ ਕਦੇ 'ਅੰਜੂ' ਨਾਨੀ ਦੇ ਘਰ ਜਾਂਦੀ ਸੀ

ਚਿਹਰੇ ਦੇ ਨਿਸ਼ਾਨ

ਜਦ ਸੂਰਜ ਕਰੂਪ ਹੋਇਆ
ਚੰਦ ਦੀ ਸ਼ਕਲ ਵਿੱਚ ਬਦਲ ਗਿਆ
ਦਿਨ ਨੱਚਦਾ, ਭੱਜਦਾ, ਪੰਧ ਮੁਕਾਉਂਦਾ
ਜਦ ਥੱਕ ਗਿਆ
ਤਰਕਾਲਾਂ ਦਾ ਲੈ ਸਿਰਹਾਣਾ ਸੌਂ ਗਿਆ
ਪਿਆਰ ਮੁੱਹਬਤ ਦੇ ਕੁੱਝ ਚਿਰ ਤਾਂ ਉਸ ਸੁਣਾਏ ਨਗਮੇ
ਫਿਰ ਆਪਣੇ ਹੀ ਇਸ ਸੁਭਾਅ ਤੋਂ ਉਕਤਾਅ ਗਿਆ
ਮੈਨੂੰ ਮਿਲਿਆ ਤੇ ਮਿਲ ਕੇ, ਔਹ ਗਿਆ, ਔਹ ਗਿਆ
ਜਦ ਸੂਰਜ ਕਰੂਪ ਹੋਇਆ
ਫਿਰ ਚੰਦ ਦੀ ਸ਼ਕਲ ਵਿੱਚ ਬਦਲ ਗਿਆ
ਹਾਦਸਿਆਂ ਵਿੱਚ ਜਿਸ ਖਾਧੇ ਜ਼ਖ਼ਮ
ਚਿਹਰੇ 'ਤੇ ਨਿਸ਼ਾਨ 'ਅੰਜੂ' ਪੈ ਗਿਆ
ਉਹ ਮੈਨੂੰ ਮਿਲਿਆ ਤੇ ਮਿਲ ਕੇ ਔਹ ਗਿਆ, ਔਹ ਗਿਆ।

ਤੇਰਾ ਤੇ ਮੇਰਾ ਕੋਈ ਝਗੜਾ ਨਹੀਂ

ਤੇਰੀ ਤੇ ਮੇਰੀ ਕੋਈ ਜਾਤ ਨਹੀਂ
ਤੇਰਾ ਤੇ ਮੇਰਾ ਕੋਈ ਝਗੜਾ ਨਹੀਂ
ਤੇਰਾ ਤੇ ਮੇਰਾ ਇੱਕ ਹੀ ਪੰਧ ਹੈ
ਤੇਰੀ ਤੇ ਮੇਰੀ ਸੋਚ ਦਾ ਇੱਕ ਹੀ ਢੰਗ ਹੈ
ਤੂੰ ਤੇ ਮੈਂ ਗੈਰ ਨਹੀਂ,
ਤੂੰ ਵੀ ਕੋਈ ਭੜਕਾਊ ਅਖਬਾਰ, ਪ੍ਰਚਾਰਕ ਨਹੀਂ
ਮੇਰੇ ਅੰਦਰ ਵੀ ਕੋਈ ਨਫਰਤ ਨਹੀਂ
ਤੇਰੀ ਤੇ ਮੇਰੀ ਕੋਈ ਜਾਤ ਨਹੀਂ
ਤੇਰਾ ਤੇ ਮੇਰਾ ਕੋਈ ਝਗੜਾ ਨਹੀਂ
ਕਿਉਂਕਿ
ਤੇਰੀ ਤੇ ਮੇਰੀ
ਇੱਕ ਹੀ ਮਰਜ਼
ਇੱਕ ਹੀ ਨਬਜ਼
ਇੱਕ ਹੀ ਰਮਜ਼ ਹੈ।
ਤੂੰ ਗੂੰਗੇ ਜਜ਼ਬਾਤਾਂ ਨੂੰ ਲਿਖਦਾਂ,
ਸਮੇਂ ਦੀ ਕਲਮ 'ਚ ਸਿਆਹੀ ਭਰਦਾਂ
ਇੱਕ ਲਿਖਾਰੀ ਹੈਂ।

ਮੈਂ ਤੇਰੀਆਂ ਲਿਖਤਾਂ ਨੂੰ ਸਾਂਭਦਾ
ਤੇਰੀ ਪੀੜ ਨੂੰ ਮਹਿਸੂਸਦਾਂ
ਤੇਰੀ ਗਜ਼ਲ, ਨਜ਼ਮ ਗੁਣਗੁਣਾਉਂਦਾ
ਤੇਰੇ ਜ਼ਜਬਿਆਂ ਦਾ ਸ਼ੈਦਾਈ ਹਾਂ
ਤੇਰਾ ਤੇ ਮੇਰਾ ਕੋਈ ਝਗੜਾ ਨਹੀਂ।

ਤੇਰੀ ਤੇ ਮੇਰੀ ਕੋਈ ਜਾਤ ਨਹੀਂ
ਤੇਰੀ ਤੇ ਮੇਰੀ ਸੋਚ ਦੀ ਤਸਵੀਰ ਵੱਖ ਨਹੀਂ
ਦਰਿਆ ਨੂੰ ਮਾਪ ਸਕਦਾ ਆਮ ਇਨਸਾਨ ਨਹੀਂ
ਆਮ ਇਨਸਾਨ 'ਅੰਜੂ' ਸਮਝ ਨਹੀਂ ਸਕਦਾ
ਕਵੀ ਦੇ ਅੰਦਰਲੀ ਲਹਿਰ
ਤੇਰੀ ਤੇ ਮੇਰੀ ਕੋਈ ਜਾਤ ਨਹੀਂ
ਤੇਰੀ ਤੇ ਮੇਰੀ ਸੋਚ ਦਾ ਇੱਕ ਹੀ ਢੰਗ ਤੇ ਪੰਧ ਹੈ
ਤੇਰਾ ਤੇ ਮੇਰਾ ਕੋਈ ਝਗੜਾ ਨਹੀਂ।

ਦੋਸਤ ਦੇ ਨਾਂ ਖ਼ਤ

ਖ਼ਬਰ ਮਿਲੀ ਹੈ ਦੋਸਤਾ, ਕਿ ਤੂੰ ਅੱਜ ਕੱਲ ਬਹੁਤ ਉਦਾਸ ਹੈਂ।
ਕੀ ਕਾਰਨ ਹੈ?
ਸੁਣਿਆ ਹੈ, ਤੇਰੇ ਘਰ ਦੇ ਸਾਹਮਣੇ ਤਾਂ ਇਬਾਦਤ ਘਰ ਹੈ।
ਤੇਰੇ ਲਈ ਹਾਂ ਦੁਆ ਕਰਦਾ, ਖ਼ੈਰ ਮੰਗਦਾ
ਲੱਗੇ ਤੇਰਾ ਜੀ ਦੋਸਤਾ।

ਖ਼ਬਰ ਮਿਲੀ ਹੈ, ਕਿ ਤੂੰ ਬਹੁਤ ਉਦਾਸ ਹੈਂ।
ਮੈਂ ਆਪਣੀ ਸੁਣਾਵਾਂ ਤੈਨੂੰ ਕੀ ਦੋਸਤਾ?
ਬਦਲਦਾ-ਬਦਲਦਾ ਮੈਂ ਵੀ ਹੁਣ ਬਦਲ ਗਿਆ ਹਾਂ
ਜਦ ਤੋਂ ਰਿਹਾਇਸ਼ ਕਰ ਲਈ ਹੈ ਨਜ਼ਦੀਕ, ਕਬਰਸਤਾਨ ਦੋਸਤਾ।
ਕਫ਼ਨ 'ਚ ਲਿਪਟੀਆ ਲਾਸ਼ਾਂ ਨੂੰ ਰੋਜ਼ ਵੇਖਦਾ ਹਾਂ
ਹੁਣ ਸਮਝ ਰਿਹਾ ਹਾਂ ਜ਼ਿੰਦਗੀ ਅਤੇ ਇਸ ਦੇ ਮਤਲਬ ਨੂੰ ਦੋਸਤਾ।
ਤੂੰ ਕਿਉਂ ਉਦਾਸ ਹੈਂ?
ਤੇਰੇ ਘਰ ਦੇ ਸਾਹਮਣੇ ਤਾਂ ਹੈ ਇਬਾਦਤ ਘਰ ਦੋਸਤਾ।

ਭੀੜ ਭੜੱਕੇ ਵਿੱਚ ਹੁਣ ਮੈਂ ਥੱਕ ਜਾਂਦਾ ਹਾਂ
ਇੱਕਲੇ ਪਨ ਵਿੱਚ ਮਿਲਦਾ ਹਾਂ ਮੈਂ
ਆਪਣੇ ਅੰਦਰਲੇ ਮਹਿਮਾਨ ਨੂੰ ਹੁਣ ਹਰ-ਰੋਜ਼ ਦੋਸਤਾ।
ਜਦ ਤੋਂ ਕਰ ਲਈ ਰਿਹਾਇਸ਼ ਨਜ਼ਦੀਕ ਕਬਰਸਤਾਨ ਦੋਸਤਾ।

ਛੱਡ ਰਿਹਾ ਹਾਂ ਅੜੀਅਲ ਆਦਤਾਂ,
ਹੱਥ ਮਿਲਾ ਲਿਆ ਹੈ ਸੱਚ ਦੇ ਨਾਲ ਦੋਸਤਾ।
ਹੁਣ ਮਰਨ ਤੋਂ ਲਗਦਾ ਨਹੀਂ ਡਰ,
ਨਾ ਕਿਸੇ ਹਾਦਸੇ ਵਿੱਚ ਕੰਬਦੀ ਹੈ ਆਤਮਾ।
ਰੋਜ਼ ਵੇਖਦਾ ਹਾਂ ਕਫ਼ਨ 'ਚ ਲਿਪਟੀਆਂ ਲਾਸ਼ਾਂ ਨੂੰ
ਬਦਲਦਾ ਬਦਲਦਾ ਹੁਣ ਮੈਂ ਬਦਲ ਗਿਆ ਹਾਂ ਦੋਸਤਾ।
ਤੇਰੀ ਉਦਾਸੀ ਦਾ ਕਾਰਨ ਕੀ ਹੈ 'ਅੰਜੂ'
ਖੁਸ਼ ਰਿਹਾ ਕਰ, ਖੋਲ੍ਹ ਆਪਣੇ ਘਰ ਦੇ ਦਰ ਦੋਸਤਾ।
ਸੁਣਿਆ ਹੈ ਇਬਾਦਤ ਘਰ ਹੈ ਤੇਰੇ ਘਰ ਦੇ ਸਾਹਮਣੇ ਦੋਸਤਾ।
ਮੈਂ ਸਮਝ ਰਿਹਾ ਹਾਂ ਜ਼ਿੰਦਗੀ ਨੂੰ,
ਜਦ ਤੋਂ ਰਹਿਣ ਲੱਗਾ ਹਾਂ ਨਜ਼ਦੀਕ ਕਬਰਸਤਾਨ ਦੋਸਤਾ।

ਕਿਉਂ ਪੂਜਾਂ ਮੈਂ ਪੱਥਰਾਂ ਨੂੰ ?

ਕਿਉਂ ਪੂਜਾਂ ਮੈਂ ਬੁੱਤ ਪੱਥਰ ਦੇ ਨੂੰ ?
ਜਦ ਉਹ ਨਾਲ ਮੇਰੇ ਬੋਲਦੇ ਨਹੀਂ
ਸੀਨੇ ਵਿੱਚ ਨੇ ਗ਼ਮ ਹਜ਼ਾਰਾਂ
ਉਹ ਭਾਰ ਮੇਰਾ ਵੰਡਾਉਂਦੇ ਨਹੀਂ
ਮੱਥਾ ਰਗੜ ਰਗੜ ਰੋੜ ਪਵਾ ਲਿਆ
ਹਾਲਤ ਵੇਖ ਮੇਰੀ ਉਹ ਪਿਘਲਦਾ ਨਹੀਂ
ਦੁੱਧ, ਦਹੀਂ ਇਸ਼ਨਾਨ ਹੋ ਕੇ ਪਾਬੰਦ ਕਰਵਾਏ
ਬਾਲ ਆਪਣੇ ਨੂੰ ਕਦੇ ਦੁੱਧ ਪਿਆਇਆ ਨਹੀਂ
ਟੱਪ ਟੱਪ ਟਪਕੇ ਅੱਖ 'ਚੋਂ ਮੋਤੀ 'ਅੰਜੂ'
ਪੱਥਰ ਵਿੱਚੋਂ ਭਗਵਾਨ ਪੈਦਾ ਹੋਇਆ ਨਹੀਂ
ਫਿਰ ਕਿਉਂ ਪੂਜਾਂ ਮੈਂ ਉਸ ਪੱਥਰ ਦੇ ਖਾਮੋਸ਼ ਬੁੱਤ ਨੂੰ ?
ਜਦ ਮੇਰੇ ਨਾਲ ਉਹ ਬੋਲਦਾ ਨਹੀਂ,
ਤਰਸ ਉਸਨੂੰ ਮੇਰੇ 'ਤੇ ਕਦੇ ਆਇਆ ਨਹੀਂ।

ਜ਼ਿੰਦਗੀ ਦਾ ਮਿਜਾਜ਼

ਜ਼ਿੰਦਗੀ ਨੇ ਆਪਣੇ ਬਨੇਰੇ ਤੋਂ ਖੜ ਕੇ ਮੈਨੂੰ ਅਵਾਜ਼ ਮਾਰੀ
ਮੈਂ ਅਣਸੁਣੀ ਕਰਕੇ ਅਗਾਂਹ ਟੁਰ ਗਈ
ਜ਼ਿੰਦਗੀ ਨੇ ਮੈਨੂੰ ਇੱਕ ਸ਼ੀਸ਼ਾ ਤੋਹਫੇ ਵਿੱਚ ਦਿੱਤਾ
ਮੈਂ ਉਸਦੀ ਕਦਰ ਨੂੰ ਦੀਵਾਰ ਨਾ ਦਿੱਤੀ
ਇੱਕ ਦਿਨ ਜ਼ਿੰਦਗੀ ਆਪਣੀ ਹੀ ਸਿਫਤ ਕਰਨ ਲੱਗੀ
ਸੁਣ ਕੇ ਗੱਲ ਲਹੂ ਮੇਰੇ ਦੀ ਰਗ ਤਪਣ ਲੱਗੀ
ਮੈਂ ਬੜੀ ਡਾਢ੍ਹੀ ਹਾਂ, ਜ਼ਿੰਦਗੀ ਨੇ ਆਪਣੀ ਆਦਤ ਦੱਸੀ
ਮੈਂ ਇਸ ਪੱਥਰ ਨੂੰ ਫੜਨ ਦੀ ਜ਼ਿੱਦ ਫੜ ਲਈ
ਫਿਰ ਮੇਰੇ ਸੁਭਾਅ ਦੀ ਅੱਗ ਵਿਚਕਾਰ
ਅਤੇ ਜ਼ਿੰਦਗੀ ਦੀ ਚੁੱਪ ਵਿਚਕਾਰ ਜੰਗ ਛਿੜ ਗਈ
ਮੇਰੇ ਹੱਥ ਵਿੱਚ ਤੀਰ, ਤਲਵਾਰ, ਬਰਛੇ
ਜ਼ਿੰਦਗੀ ਖਾਲੀ ਹੱਥ ਮੈਦਾਨ ਖੜੀ
ਮੈਂ ਆਪਣੀ ਵਾਅ ਲਾ ਕੇ ਹੰਭ ਗਈ
ਉਹ ਮੇਰੇ ਹਰ ਨਿਸ਼ਾਨੇ ਤੋਂ ਪਰਾਂ ਨਿਕਲੀ
ਮੈਂ ਖਾਮੋਸ਼, ਮਾਯੂਸ ਜਿਵੇਂ ਕੋਈ ਹਾਰਿਆ ਖਿਲਾੜੀ।

ਜ਼ਿੰਦਗੀ ਮੇਰੀ ਦਸ਼ਾ ਦੇਖ ਖ਼ੂਬ ਹੱਸੀ ਤੇ ਹੌਲੀ ਜਹੀ ਬੋਲੀ
ਸੁਣ! ਮੈਂ ਹਾਂ ਤੇਰੀ ਸਹੇਲੀ
ਅਜ਼ਾਦ ਪਰ ਨਿਯਮਾਂ ਦੀ ਪੱਕੀ
ਬਦਲ ਤੂੰ ਆਪਣੇ ਸੁਭਾਅ ਦੀ ਤਲਖੀ
ਮੈਂ ਨਹੀਂ ਤੇਰੇ ਰਾਹਾਂ 'ਚੋਂ ਹਟਣਾ
ਨਾ ਕਰ ਸੰਗ ਮੇਰੇ ਜਿੱਦ-ਬਾਜ਼ੀ
ਮੈਂ ਤੇਰੀ ਬਚਪਨ ਦੀ ਸਹੇਲੀ
ਰਹਾਂਗੀ ਨਾਲ ਤੱਕ ਬਜ਼ੁਰਗੀ
ਮੈਂ ਹਾਂ ਤੇਰੀ ਜ਼ਿੰਦਗੀ।
ਜਦ ਤੋੜੇਂ ਤੂੰ ਕੋਈ ਅਸੂਲ, ਨਿਯਮ, ਪਾਬੰਦੀ
ਮੈਂ ਹਾਂ ਫਿਰ ਥਾਣੇਦਾਰ ਜਹੀ
ਮੈਂ ਡਾਢੀ ਹਾਂ ਪਰ ਹਾਂ ਕਿਸੇ ਬਾਲ ਜਹੀ
ਸੰਗ ਮੇਰੇ ਆ ਪਾ ਕਿੱਕਲੀ 'ਅੰਜੂ'
ਤੂੰ ਸਮਝ ਮਿਜਾਜ਼ ਮੇਰੀ
ਮੈਂ ਹਾਂ ਤੇਰੀ ਜ਼ਿੰਦਗੀ।

ਦੇਰ ਤੱਕ

ਬਿਜੜੇ ਨੇ ਲਾ ਕੇ ਰੀਝਾਂ
ਆਲ੍ਹਣਾ ਬਣਾਇਆ ਦੇਰ ਤੱਕ,
ਮੈ ਢਾਹ ਕੇ ਆਪਣੀ ਹੀ ਛੱਤ
ਬਾਰਿਸ਼ 'ਚ ਭਿੱਜਦਾ ਰਿਹਾ ਦੇਰ ਤੱਕ
ਮਾਰ ਤਖ਼ਤੇ ਨੂੰ ਠੋਕਰ ਮੈਂ ਨਿਕਲਿਆ
ਰਾਹਾਂ ਤੇ ਭਟਕਿਆ ਮੈਂ ਦੇਰ ਤੱਕ
ਸਾਊ ਵਕਤ ਤਾਂ 'ਵਾਜਾਂ ਮਾਰਦਾ ਰਿਹਾ ਬਦਲਣ ਲਈ
ਮੈਂ ਆਪਣੀ ਹਉਂ ਪਗਾਉਂਦਾ ਰਿਹਾ ਦੇਰ ਤੱਕ
ਗੁਆਚਦਾ ਗੁਆਚਦਾ ਗੁਆਚ ਗਿਆ ਇੱਕ ਦਿਨ
ਮੈ ਖੁਦ ਨੂੰ ਹੀ ਨਾ ਮਿਲਿਆ ਦੇਰ ਤੱਕ,
ਉਸ ਦਿਨ ਪਿੱਛੋ ਮਾਂ ਨਾ ਬੋਲੀ ਨਾ ਹੱਸੀ
ਚੁੱਪ-ਚੁਪੀਤੇ ਉਡੀਕਦੀ ਰਹੀ ਸੀ ਦੇਰ ਤੱਕ
ਗੁਆ ਬੈਠਾ ਹਾਂ ਰੁੱਖ ਦੀ ਛਾਂ ਅਤੇ ਚਾਅ ਰੁੱਤ ਦੇ
ਜਦ ਮੈਂ ਥੱਕਿਆ ਤੇ ਰੁਕਿਆ, ਟੁਰਦੇ ਟੁਰਦੇ ਦੇਰ ਤੱਕ
ਬੇਗਾਨਗੀ ਨੇ ਪੱਥਰ ਜਿਹਾ ਸੀ ਬਣਾ ਦਿੱਤਾ
ਗੌਤਮ ਦੇ ਬੁੱਤ ਅੱਗੇ ਜਾ ਮੈਂ ਰੋਇਆਂ ਦੇਰ ਤੱਕ
ਧੂੜ ਧੋਤੀ ਨੈਣਾਂ ਦੀ ਜਮਨਾ ਨੇ ਜਦ 'ਅੰਜੂ'
ਫਿਰ ਪਛਤਾਵੇ ਦੀ ਧੁੱਪ ਵਿੱਚ ਸੜਿਆ ਮੈਂ ਦੇਰ ਤੱਕ
ਸਾਊ ਵਕਤ ਤਾਂ ਵਾਜਾਂ ਮਾਰਦਾ ਰਿਹਾ
ਮੈਂ ਆਪਣੀ ਹਉਂ ਪਗਾਉਂਦਾ ਰਿਹਾ ਦੇਰ ਤੱਕ।

ਜ਼ਿੰਦਗੀ ਪ੍ਰਸ਼ਨ ਹੈ

ਜ਼ਿੰਦਗੀ ਪ੍ਰਸ਼ਨ ਹੈ
ਜਾਂ ਪ੍ਰਸ਼ਨ ਜ਼ਿੰਦਗੀ ਹੈ
ਹਰ ਉੱਤਰ ਪਿੱਛੇ
ਇੱਕ ਨਵਾਂ ਪ੍ਰਸ਼ਨ ਹੈ
ਸੌਂਦੇ ਵਕਤ ਵੀ ਇਨਸਾਨ ਪ੍ਰੇਸ਼ਾਨ ਹੈ
ਇਹ ਕਿਸ ਦਾ ਹੈ ਚਿਹਰਾ, ਤੇ ਕਿਹੜੀ ਜਗ੍ਹਾ
ਸੁਪਨੇ ਵਿੱਚ ਵੀ ਪ੍ਰਸ਼ਨ ਹੈ
ਦਿਨ ਕਿਸ ਤਰ੍ਹਾਂ ਦਾ ਹੋਵੇਗਾ?
ਬਾਰਿਸ਼ ਜਾਂ ਧੁੱਪ ਨਿਕਲੇਗੀ?
ਉੱਠਦੇ ਸਾਰ ਹੀ ਉੱਠਦਾ ਪ੍ਰਸ਼ਨ ਹੈ
ਪ੍ਰਸ਼ਨ ਪੁੱਛਦਾ ਇੱਕ ਦੂਜੇ ਤੋਂ ਸਾਰਾ ਪਰਿਵਾਰ ਹੈ
ਘਰ ਤੋਂ ਬਾਹਰ ਸਾਰਾ ਸੰਸਾਰ ਹੈ
ਜਦ ਮਿਲਦਾ ਹੈ ਕਿਸੇ ਪ੍ਰਸ਼ਨ ਦਾ ਉੱਤਰ 'ਅੰਜੂ' ਨੂੰ
ਕਿੰਨਾ ਕੁ ਸੱਚ ਕਿੰਨਾ ਕੁ ਝੂਠ ਹੈ
ਇਨ੍ਹਾਂ ਚੱਕਰਾਂ ਵਿੱਚ ਪ੍ਰੇਸ਼ਾਨ ਹੈ
ਦੁਹਰਾਉਂਦੀ ਹੈ ਵਾਰ ਵਾਰ
ਕਿ ਪ੍ਰਸ਼ਨ ਜ਼ਿੰਦਗੀ ਹੈ
ਜਾਂ ਜ਼ਿੰਦਗੀ ਪ੍ਰਸ਼ਨ ਹੈ?

ਛੋਟਾ ਜਿਹਾ ਚੱਕਰ

ਉਸ ਆਖਿਆ ਸੀ
ਇੱਕ ਦਿਨ ਮੈਨੂੰ ਇਸ ਤਰ੍ਹਾਂ
ਜਾ ਕੇ ਨਾ ਆਵਾਂਗਾ, ਨਰਾਜ਼ ਸੀ
ਕੁਝ ਇਸ ਤਰ੍ਹਾਂ
ਮਹੀਨੇ ਗੁਜ਼ਰੇ, ਗੁਜ਼ਰੇ ਸਾਲ ਬਥੇਰੇ
ਬਾਦ ਮੁੱਦਤ ਖੜਕਾਇਆ ਉਸ ਦਰ ਮੇਰਾ
ਕੁਝ ਇਸ ਤਰ੍ਹਾਂ
ਮੈਂ ਹੈਰਾਨ ਸੀ ਪ੍ਰੇਸ਼ਾਨ ਸੀ ਉਹ ਹੱਸ ਰਿਹਾ ਸੀ
ਕੁਝ ਇਸ ਤਰ੍ਹਾਂ
ਇਸ਼ਾਰਿਆਂ ਵਿੱਚ ਚੱਕਰ ਨੂੰ ਵਾਹਿਆ
ਉਸਨੇ ਇਸ ਤਰ੍ਹਾਂ
ਗੋਲ ਗੋਲ ਧਰਤੀ ਹੈ, ਗੋਲ
ਮੈਂ ਲਾ ਕੇ ਚੱਕਰ ਮੁੜ ਆਇਆਂ ਹਾਂ
ਆਖ ਰਿਹਾ ਸੀ ਕੁਝ ਇਸ ਤਰ੍ਹਾਂ
ਦੁਨੀਆਂ ਹੈ ਛੋਟੀ ਤੇ ਛੋਟਾ ਜਿਹਾ ਚੱਕਰ 'ਅੰਜੂ'
ਜਿਥੋਂ ਸ਼ੁਰੂ ਉੱਥੋਂ ਆ ਕੇ ਖਤਮ
ਉਸ ਸਮਝਾ ਰਿਹਾ ਸੀ
ਕੁਝ ਇਸ ਤਰ੍ਹਾਂ

ਗੱਲ ਹਰ ਇੱਕ ਦੀ ਸੁਣੋ

ਖਾਮੋਸ਼ੀ ਵਿੱਚ ਰਹੋ,
ਗੱਲ ਹਰ ਇੱਕ ਦੀ ਸੁਣੋ,
ਲਾਪਰਵਾਹ ਹੋਣਾ ਵੀ ਠੀਕ ਨਹੀਂ,
ਰੱਖੋ ਖਬਰ ਸਭ ਦੀ, ਰੱਖੋ
ਕਰੋ ਆਪਣੇ ਦਿਲ ਦੀ ਮਰਜ਼ੀ,
ਸੋਚ, ਸੁੱਚੀ ਤੇ ਉਡਾਣ ਅਜ਼ਾਦ ਰੱਖੋ,
ਬਦਲ ਰਹੇ ਹਲਾਤ ਨੂੰ ਸਮਝੋ, ਤੇ ਨਬਜ਼ ਪਛਾਣੋ
ਪ੍ਰਸ਼ਨ ਘੱਟ ਕੋਈ ਹੱਲ ਲੱਭੋ,
ਲਾਪਰਵਾਹ ਬਣਨਾ ਠੀਕ ਨਹੀਂ,
ਰੱਖੋ ਖਬਰ ਹਰ ਇੱਕ ਦੀ ਰੱਖੋ,
ਮਯੂਸੀਆਂ ਦੇ ਬਿਸਤਰ ਤੋਂ ਉਠੋ,
ਤੰਦਰੁਸਤੀ ਦੀ ਖਿੜਕੀ ਖੋਲ੍ਹੋ,
ਰਹੋ ਤਰੋ-ਤਾਜ਼ਾ ਤੇ ਚਿਹਰੇ ਉੱਤੇ ਮੁਸਕਾਨ ਰੱਖੋ,
ਪਰ ਨਜ਼ਰ ਦੀ ਕਿਤਾਬ ਵਿੱਚ,
ਹਰ ਚਿਹਰੇ ਤੇ ਨਜ਼ਰ ਰੱਖੋ,
ਰਹੋ ਵਿੱਚ ਖਾਮੋਸ਼ੀ ਦੇ,
ਤੇ ਗੱਲ ਹਰ ਇੱਕ ਦੀ ਸੁਣੋ,
ਦਿਲ ਦੇ ਸ਼ੀਸ਼ੇ ਵਿੱਚ ਉਤਰਨ ਲਈ,
ਵਿਸ਼ਵਾਸ ਤੇ ਜ਼ਜਬਾਤ ਦਾ ਫਰੇਮ ਮਜ਼ਬੂਤ ਘੜੋ,

ਵਾਕਫੀਅਤ ਸਭ ਨਾਲ ਰੱਖੋ,
ਪਰ ਮਨ ਦਾ ਮੇਲ,
ਕਿਸੇ ਖਾਸ ਨਾਲ ਹੀ ਰੱਖੋ,
ਲਾਪਰਵਾਹ ਬਣਨਾ ਵੀ ਠੀਕ ਨਹੀਂ ,
ਖਬਰ ਹਰ ਇੱਕ ਦੀ ਰੱਖੋ,
ਅਦਾਕਾਰੀ, ਵਰਗੇ ਵਾਅਦਿਆ ਤੋਂ ਬਚੋ,
ਬਚੋ, ਝੂਠੀ ਤੇ ਫਰਜ਼ੀ ਮੁੱਹਬਤ ਤੋਂ ਬਚੋ
ਜਿਹੜੇ ਖਾਂਦੇ ਨੇ ਕਸਮਾਂ ਰਾਤ ਭਰ ਜਾਗਣ ਦੀਆਂ,
ਉਨਾਂ ਨੂੰ ਨੀਂਦਰ ਵਿੱਚ ਟੁਰਦੇ ਵੇਖੋ,
ਪਿੱਤਲ ਦੇ ਬੋਲਾਂ ਤੇ ਸੋਨੇ ਦੀ ਝਾਲ ਵੇਖੋ,
ਲਾਪਰਵਾਹ ਬਣਨਾ ਠੀਕ ਨਹੀਂ,
ਖਬਰ ਹਰ ਇੱਕ ਦੀ ਰੱਖੋ,
ਕਰੋ ਆਪਣੇ ਮਨ ਦੀ ਮਰਜ਼ੀ
ਸੋਚ ਸੁੱਚੀ ਤੇ ਉਡਾਣ ਅਜ਼ਾਦ ਰੱਖੋ,
ਰਹੋ ਵਿੱਚ ਖਾਮੋਸ਼ੀ ਦੇ 'ਅੰਜੂ'
ਤੇ ਗੱਲ ਹਰ ਇੱਕ ਦੀ ਸੁਣੋ
ਨਜ਼ਰ ਦੀ ਕਿਤਾਬ ਵਿੱਚ,
ਹਰ ਚਿਹਰੇ ਤੇ ਨਜ਼ਰ ਰੱਖੋ।

ਮੇਰੀ ਦੁਆ ਹੈ

ਤੇਰੀ ਹਰ ਖਾਹਿਸ਼ ਪੂਰੀ ਹੋਵੇ, ਦੁਆ ਹੈ ਮੇਰੀ
ਤੇਰੇ ਸੁਪਨਿਆਂ ਦਾ ਸੰਸਾਰ ਸਲਾਮਤ ਰਹੇ
ਦੁਆ ਹੈ ਮੇਰੀ
ਜਦ ਕਦੇ ਆਵੇਗੀ ਯਾਦ ਅਸਾਡੀ
ਤੂੰ ਚਲਾ ਆਵੀਂ
ਜਦ ਥੱਕ ਜਾਵੇਂਗਾ ਵਫਾਦਾਰੀ ਦੇ ਸ਼ਹਿਰ ਟੋਲ ਟੋਲ ਕੇ
ਆਪਣੇ ਗਰਾਂ ਦੀ ਸੱਥ ਵਿੱਚ ਆ ਜਾਵੀਂ
ਜਦ ਉਦਾਸ ਹੋ ਜਾਵੇਂਗਾ ਆਪਣੇ ਮਹਿਲ ਵਿੱਚ
ਕੱਚੀਆ ਲਿੱਪੀਆਂ ਕੰਧਾਂ ਦੇ ਘਰ ਵਿੱਚ ਆ ਜਾਵੀਂ
ਜਦ ਹੱਸਦਿਆਂ ਹੱਸਦਿਆਂ ਦਿਲ ਛਲਕ ਪਵੇਗਾ
ਤੂੰ ਮੇਰੇ ਪੱਲੇ ਨਾਲ ਪੁੰਝਣ ਅੱਥਰੂ ਆ ਜਾਵੀਂ
ਪੱਥਰਾਂ ਨਾਲ ਬੋਲ ਬੋਲ ਕੇ ਜਦ ਥੱਕ ਜਾਵੇਂਗਾ
ਆਪਣੇ ਦਿਲ ਦੀ ਸੁਣਾਵਣ ਤੂੰ ਆ ਜਾਵੀਂ
ਜਦ ਧੁੱਪ ਵਿੱਚ ਸੜਨ ਲੱਗੇਂਗਾ
ਮੇਰੇ ਪ੍ਛਾਵੇਂ ਥੱਲੇ ਆ ਖਲੋ ਜਾਵੀਂ
ਜਦ ਘਬਰਾ ਜਾਵੇਂਗਾ ਤੂੰ ਭੀੜ ਤੋਂ
ਮੇਰੇ ਦਿਲ ਵਿੱਚ ਤੂੰ ਆਕੇ ਛੁਪ ਜਾਵੀਂ
ਕੋਈ ਛਲ ਕਰੇਗਾ ਜਦ ਤੇਰੇ ਯਕੀਨ ਨਾਲ
ਕੋਈ ਖਾਸ ਨਹੀ ਸੀ ਬੇਸ਼ੱਕ ਮੈਂ ਤੇਰੇ ਲਈ
ਰੱਖ ਯਕੀਨ ਤੂੰ ਚਲਾ ਆਵੀਂ

ਜਦ ਦੌਲਤ, ਸ਼ੋਹਰਤ ਦੀ ਅੱਖ ਜਾਗ ਜਾਗ ਥੱਕ ਜਾਵੇ
ਸਕੂਨ ਦੀ ਨੀਂਦਰ ਲਈ
ਮੇਰੀ ਛੱਤ ਥੱਲੇ ਆ ਜਾਵੀਂ
ਅੱਧਮੋਇਆ ਹੈ ਪਰਿੰਦਾ ਮੇਰੇ ਪਿੰਜਰੇ ਦਾ
ਉਹਦੀ ਭੁੱਖ ਤੇ ਤਰਸ ਖਾ ਕੇ ਚਲਾ ਆਵੀਂ
ਆਦਮ ਹੈ, ਗਲਤੀ ਅਕਸਰ ਆਦਮ ਤੋਂ ਹੀ ਹੁੰਦੀ ਹੈ
ਹੋ ਜਾਵੇ ਜਦ ਅਹਿਸਾਸ, ਖੁਦਾ ਦੇ ਘਰ ਚਲਾ ਜਾਵੀਂ
ਬੀਤੀ ਦਾ ਕਦੇ ਜ਼ਿਕਰ ਕਰੀਂ,
ਬਾਕੀ ਦੀ ਕਮਾਲ ਬੀਤੇਗੀ, ਇਹ ਸੋਚਕੇ
ਤੂੰ 'ਅੰਜੂ' ਕੋਲ ਆ ਜਾਵੀਂ।
ਜਦ ਆਵੇਗੀ ਯਾਦ ਅਸਾਡੀ ਤੂੰ ਆ ਜਾਵੀਂ
ਤੇਰਾ ਹਰ ਸੁਪਨਾ ਸਲਾਮਤ ਰਹੇ ਦੁਆ ਹੈ ਮੇਰੀ।

ਆਪਣੇ ਆਪ ਤੋਂ ਲੁਕਣਾ

ਮੈਂ ਇੱਕਲੇਪਣ ਤੋਂ ਡਰਦਾ ਰਿਹਾ
ਆਪਣੇ ਆਪ ਤੋਂ ਲੁਕਦਾ ਰਿਹਾ
ਅਜੀਬ ਜਹੀ ਹਾਲਤ ਵਿੱਚ ਘਿਰਿਆ ਰਿਹਾ
ਮੇਰਾ ਖ਼ੁਦ ਤੋਂ ਇਤਬਾਰ ਮੁੱਕਦਾ ਰਿਹਾ
ਵਕਤ ਘਰੋਂ ਬਾਹਰ ਗੁਜ਼ਰਦਾ ਰਿਹਾ,
ਕਦੇ ਦੋਸਤ ਲੱਭਦਾ ਰਿਹਾ,
ਕਦੇ ਦੁਸ਼ਮਣ ਬਣਦਾ ਰਿਹਾ।
ਘਾਟੇ ਹੀ ਘਾਟੇ ਦਾ ਵਪਾਰ ਕਰਦਾ ਰਿਹਾ
ਬਸ! ਆਪਣੇ ਆਪ ਤੋਂ ਲੁਕਦਾ ਰਿਹਾ
ਖਾਲੀ ਖਾਲੀ ਉਦਾਸ ਜ਼ਿੰਦਗੀ, ਕਦੋਂ ਖਹਿੜਾ ਛੱਡੇਗੀ?
ਇਹੋ ਸੋਚਦਾ ਰਿਹਾ
ਡਰ ਕੇ ਹਾਲਾਤਾਂ ਤੋਂ ਮੌਤ ਮੰਗਦਾ ਰਿਹਾ
ਮੈਂ ਆਪਣੇ ਇੱਕਲੇਪਣ ਤੋਂ ਡਰਦਾ ਰਿਹਾ
ਮੇਰਾ ਖ਼ੁਦ ਤੋਂ ਇਤਬਾਰ ਮੁੱਕਦਾ ਰਿਹਾ
ਮੈਂ ਆਪਣੇ ਆਪ ਤੋਂ ਲੁਕਦਾ ਰਿਹਾ।

ਤੂੰ ਹੀ ਤੂੰ

ਮੈਂ ਉਸ ਨੂੰ ਖਿਜ਼ਾਂ ਵਿੱਚ ਦੇਖਿਆ,
ਗੁਲਜ਼ਾਰ ਵਿੱਚ ਦੇਖਿਆ,
ਮੈਂ ਉਸਨੂੰ ਖੁਸ਼ੀ ਵਿੱਚ ਦੇਖਿਆ,
ਗ਼ਮ ਵਿੱਚ ਦੇਖਿਆ,
ਉਸਨੂੰ ਪ੍ਛਾਵੇਂ ਵਿੱਚ ਦੇਖਿਆ,
ਮੈਂ ਆਪਣੇ ਵਜੂਦ ਵਿੱਚ ਦੇਖਿਆ,
ਜਦ ਵੀ ਮੈਂ ਤੂਫਾਨਾਂ ਵਿੱਚ ਘਿਰਿਆ,
ਮੇਰੀ ਖਾਤਿਰ ਉਹ ਪਰਬਤ ਬਣਿਆ,
ਜਦ ਜਦ ਵੀ ਮੇਰੀਆ ਪੀੜਾਂ ਦੇ ਮੂੰਹੋਂ ਖੂਨ ਵਗਿਆ,
ਮੇਰੇ ਜ਼ਖਮਾਂ ਤੇ ਪੱਟੀ ਕਰਦਾ ਮੈਂ ਦੇਖਿਆ,
ਮਾਯੂਸ ਤੇ ਸਤਾਇਆ ਸਾਂ ਮੈਂ ਕਿਸੇ ਦੇ ਲਾਰਿਆ ਤੋਂ
ਉਸਨੇ ਆ ਮੇਰਾ ਹੱਥ ਫੜਿਆ ਮੇਰਾ ਵਾਅਦਾ ਬਣਿਆ,
ਮੈਂ ਜਦ ਵੀ ਮਾਤਮ ਦੇ ਕਾਲੇ ਲਿਬਾਸ ਵਿੱਚ ਬੈਠਾ,
ਉਹ ਸਿਵੇ 'ਚੋਂ ਲੋਅ ਲੈ ਆਇਆ, ਮੇਰਾ ਚਿਰਾਗ ਬਣਿਆ,
ਵੈਰਾਗ, ਵਿਯੋਗ,

ਕਦੇ ਮਿਲਾਪ ਦੀ ਵਹਿੰਦੀ ਨਦੀ ਵਿੱਚ ਦੇਖਿਆ,
ਜਿਸ ਪਾਸੇ ਵੀ ਦੇਖਿਆ,
ਮੈਂ ਜ਼ਰੇ ਜ਼ਰੇ ਵਿੱਚ ਉਸਨੂੰ ਦੇਖਿਆ।
ਮੈਂ ਉਸਨੂੰ ਜ਼ਮੀਨ ਤੋਂ ਅਸਮਾਨ ਤੱਕ ਵੇਖਿਆ,
ਬਾਹਾਂ ਫੈਲਾਈ ਖੜਾ ਮੇਰੀ ਖਾਤਿਰ ਮੈਂ ਦੇਖਿਆ,
ਕਦੇ ਮੱਕੇ ਦੇ ਸਫਰ ਵਿੱਚ ਦੇਖਿਆ,
ਕਦੇ ਮਰੀਅਮ ਦੀ ਗੋਦ ਵਿੱਚ ਦੇਖਿਆ,
ਕਦੇ ਪੁੱਤਰਾਂ ਦੇ ਬਲੀਦਾਨ ਵਿੱਚ ਦੇਖਿਆ,
ਕਦੇ ਮੰਦਿਰ ਦੀ ਜੋਤ ਵਿੱਚ ਦੇਖਿਆ,
ਜਿਸ ਤਰਫ ਵੀ ਦੇਖਿਆ ਇੱਕ ਹੀ ਨੂਰ,
ਤੇ ਇੱਕ ਹੀ ਅਸੂਲ ਵਿੱਚ 'ਅੰਜੂ' ਸੱਭਨੇ ਦੇਖਿਆ।

ਜ਼ਿੰਦਗੀ

ਜ਼ਿੰਦਗੀ ਤੋਂ ਦੂਰ ਹੋਕੇ ਤੂੰ ਕਿੱਥੇ ਜਾਵੇਂਗਾ
ਰਹੇਗੀ ਨਾਲ ਨਾਲ ਤੇਰੇ ਤੂੰ ਜਿੱਥੇ ਵੀ ਰਹੇਂਗਾ
ਯਾਦਾਂ ਨੂੰ ਤੋੜ ਦੇ, ਭੰਨ ਦੇ, ਭਾਵੇਂ ਕਿਧਰੇ ਦਫਨਾ ਦੇ
ਕੁਝ ਸਮੇਂ ਦੇ ਬਾਅਦ ਤੂੰ ਇਨ੍ਹਾਂ ਨੂੰ, ਮੁੜ ਇੱਕਠੀਆਂ ਕਰੇਂਗਾ
ਹਾਲੇ ਤੂੰ ਸਹਿਮਿਆ ਸਹਿਮਿਆ ਲਹੂ ਲਹਾਣ ਹੈਂ
ਕੁਝ ਸਮੇਂ ਬਾਅਦ ਮੱਲਮ੍ਹ ਲਗਾਉਣ ਦੀ ਜਾਚ ਸਿੱਖ ਜਾਵੇਂਗਾ
ਤੂੰ ਹੁਣੇ ਹੁਣੇ ਖਾਧਾ ਹੈ ਪਿਆਰ ਵਿੱਚ ਜਿਸ ਤੋਂ ਧੋਖਾ
ਕੁਝ ਸਮੇਂ ਬਾਅਦ ਤੂੰ ਉਸ ਧੋਖੇਬਾਜ਼ ਨੂੰ ਮੁੜ ਪਿਆਰ ਕਰੇਂਗਾ
ਖਹਿੜਾ ਨਹੀਂ ਛੱਡਦੀ ਜ਼ਿੰਦਗੀ ਤੇਰਾ
ਦੱਸ ਜ਼ਿੰਦਗੀ ਤੋਂ ਦੂਰ ਹੋ ਕੇ ਕਿੱਥੇ ਜਾਵੇਂਗਾ
ਭਾਵੇਂ ਹੌਕੇ ਤੇ ਭਾਵੇਂ ਮਿਲਣ ਫਰੇਬ 'ਅੰਜੂ'
ਤੂੰ ਫਿਰ ਵੀ ਇਸਦਾ ਭਾਰ ਢੋਏਂਗਾ
ਜ਼ਿੰਦਗੀ ਟੁਰੇਗੀ ਨਾਲ ਨਾਲ ਤੇਰੇ,
ਤੂੰ ਜਿਥੇ ਵੀ ਜਾਏਂਗਾ।

ਮੈਂ ਫਿਰ ਵੀ ਖ਼ੁਦਾ ਨੂੰ ਮੰਨਦਾ ਹਾਂ

ਕਦੇ ਕਦੇ ਮੈਂ ਖ਼ੁਦਾ ਵਿੱਚ ਵਿਸ਼ਵਾਸ ਕਰਦਾ ਹਾਂ
ਕਦੇ ਕਦੇ ਮੈਂ ਉਸ ਦੀ ਹੋਂਦ ਨੂੰ ਇਨਕਾਰਦਾ ਹਾਂ
ਕਦੇ ਮੈਂ ਤੇ ਕਦੇ ਮੌਤ,
ਜਦ ਇੱਕ ਦੂਜੇ ਦੇ ਕਰੀਬ ਤੋਂ ਅਸੀਂ ਗੁਜ਼ਰਦੇ ਹਾਂ
ਮੈਂ ਉਸ ਵਕਤ ਖ਼ੁਦਾ ਨੂੰ ਬਹੁਤ ਯਾਦ ਕਰਦਾ ਹਾਂ
ਉਂਝ ਖ਼ੁਸ਼ਗਵਾਰ ਹਾਲਤਾਂ ਵਿੱਚ ,
ਮੈਂ ਖ਼ੁਦ ਨੂੰ ਹੀ ਖ਼ੁਦਾ ਮੰਨਦਾ ਹਾਂ
ਜੋ ਕੀਤਾ ਮੈਂ ਕੀਤਾ
ਨੁਕਸਾਨ ਦਾ ਜ਼ਿੰਮੇਵਾਰ ਮੈਂ ਉਸਨੂੰ ਹੀ ਕਹਿੰਦਾ ਹਾਂ
ਜਿਹੜੇ ਰਗੜਦੇ ਨੇ ਨੱਕ ਵਿਸ਼ਵਾਸ ਦੇ ਪੱਥਰ ਅੱਗੇ,
ਮੈਂ ਉਨ੍ਹਾਂ ਨੂੰ ਅਕਸਰ ਪਾਗਲ ਆਖਦਾ ਹਾਂ
'ਅੰਜੂ' ਜਦੋਂ ਇਹ ਜਿਸਮ ਨਿਢਾਲ ਹੁੰਦਾ ਹੈ
ਮੈਂ ਉਸੇ ਪੱਥਰ ਤੋਂ ਹੀ ਸ਼ਫ਼ਾ ਮੰਗਦਾ ਹਾਂ
ਕਦੇ ਕਦੇ ਮੈਂ ਖ਼ੁਦਾ ਵਿੱਚ ਵਿਸ਼ਵਾਸ ਕਰਦਾ ਹਾਂ।
ਕਦੇ ਕਦੇ ਮੈਂ ਉਸਦੀ ਹੋਂਦ ਨੂੰ ਇਨਕਾਰਦਾ ਹਾਂ।
ਫਿਰ ਵੀ ਪਤਾ ਨਹੀਂ ਕਿਉਂ ਹਾਦਸਾ ਵਾਪਰਨ ਤੋਂ ਪਹਿਲਾਂ
ਮੈਂ ਉਸਨੂੰ ਹੀ ਯਾਦ ਕਰਦਾ ਹਾਂ।

ਰਿਸ਼ਤੇ

ਕਦੇ ਕਦੇ ਮੈਂ ਭੀੜ 'ਚੋਂ ਹਮਦਰਦ ਚਿਹਰੇ ਲੱਭਦਾ ਹਾਂ
ਕਦੇ ਕਦੇ ਮੈਂ ਆਪਣਿਆਂ ਤੋਂ ਦੂਰ ਨੱਸਦਾ ਹਾਂ
ਕਦੇ ਖੁਦ ਨੂੰ ਯਤੀਮ ਸਮਝਦਾ ਹਾਂ
ਕਦੇ ਮੋਹ ਪਿਆਰ ਦਾ ਮੱਕੜੀ ਜਾਲ ਬੁਣਦਾ ਹਾਂ
ਕਦੇ ਖਾਨਦਾਨੀ ਇੱਟ ਲਈ ਮੈਂ ਲੜਦਾ ਝਗੜਦਾ ਹਾਂ
ਕਦੇ ਆਪਣੀ ਹੀ ਔਲਾਦ ਨੂੰ ਮੈਂ ਬੇ-ਦਖਲ ਕਰਦਾ ਹਾਂ
ਕਦੇ ਪੁੰਝਦਾ ਹਾਂ ਹੰਝੂ ਬੇਗਾਨਿਆਂ ਦੇ
ਕਦੇ ਆਪ ਜ਼ਖਮੀ ਹੁੰਦਾ ਹਾਂ
ਮੈਂ ਹਰ ਰਿਸ਼ਤੇ ਵਿੱਚ ਤਰੇੜ ਵੇਖਦਾ ਹਾਂ
ਜਾਂ ਮੈ ਆਪਣੀ ਹੀ ਨਜ਼ਰ ਦਾ ਭਰਮ ਵੇਖਦਾ ਹਾਂ
ਬਸ ਇਹੀ ਗਲਤੀ 'ਅੰਜੂ' ਮੈਂ ਵਾਰ ਵਾਰ ਕਰਦਾ ਹਾਂ
ਕਦੇ ਆਪਣਿਆਂ ਨੂੰ ਬੇਗਾਨੇ,
ਕਦੇ ਬੇਗਾਨਿਆਂ ਨੂੰ ਆਪਣੇ ਸਮਝਦਾ ਹਾਂ।

ਜਦ ਮਾਂ ਪਾਗਲ ਹੋ ਜਾਂਦੀ ਹੈ

ਅੱਜ ਮੈਨੂੰ ਮੇਰੀ ਮਾਂ ਤੇ ਬਹੁਤ ਤਰਸ ਆਇਆ,
ਮੈਂ ਚਾਹੁੰਦੀ ਸੀ ਮਾਂ ਨੂੰ ਘੁੱਟ ਕੇ ਜੱਫੀ ਪਾਵਾਂ ਤੇ ਆਖਾਂ,
ਮਾਂ ਤੂੰ ਮੈਨੂੰ, ਬਹੁਤ ਕੁਝ ਸਿਖਾਇਆ,
ਆਪਾਂ ਵਕਤ ਸਹੇਲੀਆਂ ਵਾਂਗ ਬਿਤਾਇਆ,
ਮਾਂ ਤੂੰ ਦੀਵਾਰਾਂ ਨਾਲ ਸਮਝੌਤਾ ਕੀਤਾ
ਅੱਖਾਂ ਦੀ ਝੜੀ ਨੂੰ ਤੂੰ ਹਥੇਲੀ ਵਿੱਚ ਛੁਪਾਇਆ,
ਪਿਆਰ ਦਾ ਪਿਆਲਾ ਤੂੰ ਮੈਨੂੰ ਭਰ ਭਰ ਪਿਲਾਇਆ,
ਤੇਰੇ ਹੁੰਦਿਆਂ ਮੈਂ ਰਹੀ ਵਿੱਚ ਬੁਲੰਦੀਆਂ,
ਅੱਜ ਮੈਨੂੰ ਮੇਰੀ ਮਾਂ ਤੇ ਬਹੁਤ ਤਰਸ ਆਇਆ,
ਜਦ ਅਚਾਨਕ ਉਸ ਨੂੰ ਪਾਗਲਪਨ ਦਾ ਦੌਰਾ ਪਿਆ,
ਮਾਂ, ਤੂੰ ਤਾਂ ਕਦੇ ਵੀ ਨਹੀਂ ਸੀ ਗੁੱਸੇ ਵਿੱਚ ਬੋਲੀ,
ਮੈਂ ਪੁੱਛਾਂ ਰੱਬ ਤੋਂ, ਅੱਜ ਮੇਰੀ ਮਾਂ ਨੂੰ ਕੀ ਹੋ ਗਿਆ,
ਜਿਵੇਂ ਤੇਰਾ ਮੇਰਾ ਕੋਈ ਰਿਸ਼ਤਾ ਹੀ ਨਹੀਂ,
ਤੂੰ ਮੈਨੂੰ ਇੰਝ ਵੇਖਿਆ, ਓਪਰੇਪਨ ਨਾਲ ਤੱਕਿਆ,
ਮੈਂ ਰੋਈ ਬਹੁਤ ਰੋਈ, ਕੰਧਾਂ ਵਿੱਚ ਸਿਰ ਮਾਰਿਆ,
ਮੇਰੀ ਮਾਂ ਦੀਆਂ ਬੀਮਾਰ ਹਾਲਤਾਂ 'ਤੇ ਮੈਨੂੰ ਬਹੁਤ ਤਰਸ ਆਇਆ,
ਮੈਂ ਮਾਂ ਦਾ ਹੱਥ ਘੁੱਟਣਾ ਚਾਹੁੰਦੀ ਸੀ,

ਆਪਣੀ ਮੌਜੂਦਗੀ ਦਾ ਅਹਿਸਾਸ ਦੇਣਾ ਚਾਹੁੰਦੀ ਸੀ,
ਤੇਰੇ ਦਿਲ ਵਿੱਚ ਕੀ ਹੈ ਮਾਂ? ਮੈਂ ਪੁੱਛਣਾ ਚਾਹੁੰਦੀ ਸੀ,
ਜਾਂ ਫਿਰ ਮਾਂ ਨੂੰ ਕੋਈ ਬੀਤੀ ਖੁਸ਼ੀ ਯਾਦ ਕਰਾਉਣਾ ਚਾਹੁੰਦੀ ਸੀ,
ਪਾ ਕੇ ਮਾਂ ਨੂੰ ਗਲਵੱਕੜੀ
ਉਹਦੀ ਹੀ ਲੋਰੀ ਉਹਨੂੰ ਸੁਣਾਉਣਾ ਚਾਹੁੰਦੀ ਸੀ,
ਸਭ ਠੀਕ ਹੋ ਜਾਏਗਾ, ਸਭ ਠੀਕ ਹੋ ਜਾਏਗਾ
ਤਸੱਲੀ ਦੇਣਾ ਚਹੁੰਦੀ ਸੀ,
ਮੈ ਆਪਣੀ ਮਾਂ ਨੂੰ ਬੱਚੇ ਵਾਂਗ ਪਰਚਾਉਣਾ ਚਾਹੁੰਦੀ ਸੀ
ਅੱਜ ਉਹ ਸਭ ਕੁੱਝ ਭੁੱਲ ਗਈ ਸੀ
ਘਰ ਭੁੱਲ ਗਈ, ਮੈਨੂੰ ਭੁੱਲ ਗਈ ਸੀ
ਆਪਣੇ ਹੱਥੀਂ ਸਜਾਈ ਘਰ ਦੀ ਹਰ ਚੀਜ਼ ਤੋੜ ਦਿੱਤੀ ਸੀ
ਆਪਣੇ ਹੀ ਨਹੁੰਆਂ ਨਾਲ ਆਪਣੀ ਚਮੜੀ ਉਧੇੜ ਦਿੱਤੀ ਸੀ
ਪਤਾ ਨਹੀਂ ਕਿਸ ਪੱਥਰ ਦੇ ਬੋਝ ਨੇ ਮੇਰੀ ਮਾਂ ਅੱਜ ਤੋੜ ਦਿੱਤੀ ਸੀ,
ਮੈਂ ਮਾਂ ਨੂੰ ਗਲਵੱਕੜੀ ਵਿੱਚ ਨਾ ਲੈ ਸਕੀ,
ਮੇਰੀ ਮਾਂ ਪਾਗਲਖਾਨੇ ਵਿੱਚ ਬੰਦ ਕਰ ਦਿੱਤੀ ਗਈ,
ਸੰਗਲਾਂ ਵਿੱਚ ਜਕੜ ਦਿੱਤੀ ਗਈ
ਮੈਂ ਇੱਕਲੀ ਬੈਠੀ ਸੋਚਦੀ ਹਾਂ
ਸੋਚਦੀ ਹਾਂ –
ਕਿ.....

ਸ਼ਾਇਦ ਮੇਰੀ ਮਾਂ ਬੀਮਾਰੀ ਤੋਂ ਥੱਕ ਕੇ ਜਦ ਚੁੱਪ ਹੁੰਦੀ ਹੋਏਗੀ,
ਮੇਰੇ ਬਾਰੇ ਜ਼ਰੂਰ ਸੋਚਦੀ ਹੋਏਗੀ,
ਕਿ ਮੇਰੀ ਵੀ ਇੱਕ ਧੀ ਹੈ,
ਮੈਨੂੰ ਯਕੀਨ ਹੈ।
ਪੱਕਾ ਯਕੀਨ ਹੈ, ਜ਼ਰੂਰ ਸੋਚਦੀ ਹੋਏਗੀ
ਮੈਨੂੰ ਦਿਲ ਵਿੱਚ ਮਹਿਸੂਸ ਕਰਦੀ ਹੋਏਗੀ,
ਕਿਉਂਕਿ ਉਸਨੇ ਹੀ ਤਾਂ ਮੈਨੂੰ ਦਿਲ ਦੀ ਕਿਤਾਬ ਪੜ੍ਹਨੀ ਸਿਖਾਈ ਸੀ,
ਰਿਸ਼ਤਿਆਂ ਦੀ ਤਾਕਤ ਤੇ ਤੜਪ ਦੱਸੀ ਸੀ,
ਮਾਂ ਮੁੱਕ ਜਾਵੇ ਤਾਂ, ਬੱਚਾ ਰੋ ਰੋ ਕੇ ਸਬਰ ਕਰ ਲੈਂਦਾ ਹੈ,
ਹੁਣ ਪਰਤਣਾ ਨਹੀਂ ਉਸਨੇ, ਆਪਾ ਸਮਝਾ ਕੇ ਚੁੱਪ ਹੋ ਜਾਂਦਾਂ ਹੈ,
ਜਿਨ੍ਹਾਂ ਦੀ ਮਾਂ ਪਾਗਲ ਹੋ ਜਾਂਦੀ ਹੈ,
ਨਾ ਸੁੱਤੀ ਨਾ ਜਾਗਦੀ ਹੁੰਦੀ ਹੈ,
ਮਾਰਦਾ ਹੈ ਜਦ ਹਰ ਕੋਈ ਢੀਮਾਂ ਤੇ ਪਾਗਲ, ਪਾਗਲ ਆਖਦਾ ਹੈ।
'ਅੰਜੂ' ਉਨ੍ਹਾਂ ਬੱਚਿਆਂ ਦੇ ਮੱਥੇ ਤੇ ਵਾਹੇ ਪੁੱਠੇ ਅੱਖਰ ਹੁੰਦੇ ਨੇ
ਜਿਵੇਂ ਰੁੱਸਿਆਂ ਉਨ੍ਹਾਂ ਦਾ ਮਸੀਹਾ ਹੁੰਦਾ ਹੈ,
ਜਦ ਮਾਂ ਪਾਗਲ ਹੋ ਜਾਂਦੀ ਹੈ।

ਜ਼ਿੰਦਗੀ ਦੀ ਕਿਤਾਬ ਲਿਖ਼ ਰਿਹਾ ਹਾਂ

ਉਲ਼ਝੇ ਧਾਗੇ ਦਾ ਸਿਰਾ ਲੱਭ ਰਿਹਾ ਹਾਂ।
ਤੁਰ ਰਿਹਾਂ ਹਾਂ, ਪਰ ਰਸਤਾ ਲੱਭ ਰਿਹਾ ਹਾਂ
ਜ਼ਿੰਦਗੀ ਨੂੰ ਪੜ੍ਹ ਰਿਹਾ ਹਾਂ
ਆਪਣੇ ਲ਼ਫਜ਼ਾਂ ਦੀ ਇੱਕ ਕਿਤਾਬ ਲਿਖ ਰਿਹਾ ਹਾਂ।
ਆਪਣੇ ਸਵਾਲ ਤੇ ਆਪਣੇ ਜਵਾਬ ਲਿਖ ਰਿਹਾ ਹਾਂ।
ਮੈਂ ਆਪਣੀ ਕਹਾਣੀ ਲਿਖ ਰਿਹਾ ਹਾਂ।
ਕਦੇ ਕਦੇ ਤਾਂ ਜ਼ਿੰਦਗੀ ਦਾ ਰਸਤਾ
ਸਿੱਧਾ ਤੇ ਬਿਲਕੁਲ ਸਿੱਧਾ ਹੁੰਦਾ ਹੈ
ਕਦੇ ਪਥਰੀਲਾ, ਟੇਢਾ-ਮੇਢਾ ਹੁੰਦਾ ਹੈ
ਐਸੀ ਸੋਚ ਦੇ ਖੰਭ੍ਹ ਦਾ ਜ਼ਿਕਰ ਕਰ ਰਿਹਾ ਹਾਂ,
ਜ਼ਿੰਦਗੀ ਦੀ ਕਿਤਾਬ ਲਿਖ ਰਿਹਾ ਹਾਂ।
ਗਾਉਂਦੀ ਹੈ ਜ਼ਿੰਗਦੀ ਨਗਮੇ ਕਦੇ
ਤਨਹਾਈ ਵਿੱਚ ਗਾਉਂਦੀ ਵਾਂਗੂੰ ਜਾਪੇ ਗ਼ਜ਼ਲ ਕਦੇ
ਏਸੇ ਭਾਵ ਤੇ ਜ਼ਜਬਾਤਾਂ ਦੀ ਗੱਲ ਲਿਖ ਰਿਹਾ ਹਾਂ,
ਜ਼ਿੰਦਗੀ ਦੀ ਕਿਤਾਬ ਰਿਹਾ ਹਾਂ।
ਕਦੇ ਸੂਰਜ ਦੀ ਕਿਰਨ ਲੈ ਕੇ ਹੈ ਆਸ ਆਉਂਦੀ
ਕਦੇ ਹੱਥ ਚੋਂ ਖਿਸਕਦੇ ਪੱਲੇ ਵਾਂਗੂੰ ਸਿਸਕਦੀ ਹੈ ਰਾਤ ਆਉਂਦੀ।
ਐਸੀ ਪ੍ਰਭਾਤ ਤੇ ਰਾਤ ਦੀ ਗੱਲ-ਬਾਤ ਲਿਖ ਰਿਹਾ ਹਾਂ।
ਜ਼ਿੰਦਗੀ ਦੀ ਕਿਤਾਬ ਲਿਖ ਰਿਹਾ ਹਾਂ।
ਕਦੇ ਰਿਸ਼ਤਿਆਂ ਨੂੰ ਰੰਗ ਚੜ੍ਹਾ ਰਿਹਾ ਹਾਂ,

ਕਦੇ ਫਿੱਕੀ ਫਿੱਕੀ ਗੱਲ-ਬਾਤ ਕਰ ਰਿਹਾ ਹਾਂ।
ਕਦੇ ਤਾਂ ਕਿਸੇ ਦੇ ਜ਼ਖਮਾਂ ਨੂੰ ਰਫੂ ਕਰ ਰਿਹਾ ਹਾਂ।
ਕਦੇ ਕਿਸੇ ਨੂੰ ਬੇਪਰਦ ਕਰ ਰਿਹਾ ਹਾਂ।
ਐਸੇ ਫਰਜ਼ ਅਪਣੱਤ ਤੇ ਗੱਦਾਰੀ ਦੀ ਗੱਲ ਕਰ ਰਿਹਾ ਹਾਂ।
ਜ਼ਿੰਦਗੀ ਦੀ ਕਿਤਾਬ ਲਿਖ ਰਿਹਾ ਹਾਂ।
ਕਦੇ ਇਸ਼ਕ ਦੀ ਬੰਦਗੀ, ਕਦੇ ਰੰਜਸ਼, ਨਰਾਜ਼ਗੀ,
ਕਦੇ ਆਪਾ ਵਾਰਨ ਦੇ ਜਜ਼ਬੇ, ਕਦੇ ਫਾਸਲੇ, ਬਹੁਤ ਫਾਸਲੇ
ਐਸੇ ਸੱਚ ਤੇ ਝੂਠ ਦੀ ਕਿਤਾਬ ਲਿਖ ਰਿਹਾ ਹਾਂ
ਨੇੜੇ ਰਹਿ ਕੇ ਵੀ ਦੂਰ ਕਿਉਂ ਹਾਂ ?
ਇਨ੍ਹਾਂ ਸਵਾਲਾਂ ਦਾ ਜਵਾਬ ਲੱਭ ਰਿਹਾ ਹਾਂ।
ਕਦੇ ਹੰਝੂਆਂ 'ਚ ਸਫਰ ਕਰਦੇ, ਕਦੇ ਖੁਸ਼ੀ ਨਾਲ ਕਿਰਦੇ
ਜੁਦਾਈ ਤੇ ਮਿਲਾਪ ਦੀ ਗੱਲ ਲਿਖ ਰਿਹਾ ਹਾਂ,
ਜ਼ਿੰਦਗੀ ਦੀ ਕਿਤਾਬ ਲਿਖ ਰਿਹਾ ਹਾਂ।
ਮੈਂ ਲਾਪਰਵਾਹ ਨਹੀਂ ਹਾਂ, ਪਰ ਰੋਜ਼ ਹੁੰਦੇ ਹਾਦਸਿਆ 'ਚੋਂ
ਲਾਪਰਵਾਹੀ ਨਾਲ ਗੁਜ਼ਰ ਰਿਹਾ ਹਾਂ
ਇਹ ਜ਼ਿੰਦਗੀ ਬੜੀ ਡਾਢੀ ਹੈ, ਦੱਸ 'ਅੰਜੂ' ਵੀ ਕੀ ਕਰੇ ?
ਕਦੇ ਮੰਨ ਕੇ ਵੀ ਨਾ ਮੰਨੇ
ਕਦੇ ਮਨਾਇਆਂ ਬਗੈਰ ਮੰਨੇ।
ਐਸੇ ਜਾਲ ਵਿੱਚ ਫਸੀ, ਘਬਰਾਈ ਤੇ ਉਲਝੀ
ਸੋਚ ਦੇ ਖੰਭ ਦਾ, ਜ਼ਿਕਰ ਕਰ ਰਿਹਾ ਹਾਂ।
ਜ਼ਿੰਦਗੀ ਦਾ ਨਜ਼ਰੀਆ ਤੇ ਅੰਦਾਜ਼ ਲਿਖ ਰਿਹਾ ਹਾਂ,
ਮੈਂ ਆਪਣੀ ਸਿਰਫ ਆਪਣੀ ਗੱਲ ਲਿਖ ਰਿਹਾ ਹਾਂ ,
ਜ਼ਿੰਦਗੀ ਦੀ ਕਿਤਾਬ ਲਿਖ ਰਿਹਾ ਹਾਂ।

ਮੇਰਾ ਸ਼ੀਸ਼ਾ

ਮੇਰੇ ਸਾਹਮਣੇ ਮੇਰੇ ਹੀ ਵਰਗੀ ਇੱਕ ਕੁੜੀ ਖੜੀ ਸੀ
ਬੇਸ਼ੱਕ ਮੈ ਉਸਨੂੰ ਰੋਜ਼ ਤੱਕਦੀ ਸੀ
ਪਰ ਅੱਜ ਉਸ ਵਿੱਚ ਮੇਰੀ ਦਿਲਚਸਪੀ ਵਧੀ ਸੀ
ਉਹ ਚੁੱਪ-ਚਾਪ ਜਿਉਂ ਖੜੀ ਸੀ
ਅੱਖ ਵਿਚਲੀ ਚਮਕ ਕਿਧਰੇ ਉਡੀ ਸੀ
ਜਿਸਮ ਦੀ ਹਰਕਤ ਸੁਸਤ, ਸੁਸਤ ਸੀ
ਦਿਲ ਦੇ ਸ਼ਹਿਰ ਵਿੱਚ ਰੌਲਾ ਪਾਉਂਦੀ ਧੜਕਣ ਰੁਕੀ ਸੀ
ਚਿਹਰੇ ਤੇ ਬੇਸ਼ੁਮਾਰ ਉਦਾਸੀ ਸੀ
ਸ਼ੀਸ਼ੇ ਵਿੱਚ ਇੱਕ ਤਸਵੀਰ ਜੜੀ ਖੜੀ ਸੀ
ਮੈਂ ਉਸਨੂੰ ਚੁੱਪ-ਚਾਪ ਵੇਖਦੀ ਜਾ ਰਹੀ ਸੀ
ਨਾ ਉਹ ਬੋਲਦੀ ਸੀ
ਨਾ ਹੱਸਦੀ, ਨਾ ਰੋਂਦੀ ਸੀ
ਕੱਲ੍ਹ ਨਾਲੋਂ ਵੱਖਰੇ ਸੁਭਾਅ ਵਿੱਚ ਸੀ
ਉਸ ਦੀ ਤਰਸ ਭਰੀ ਹਾਲਤ ਸੀ
ਸ਼ਾਇਦ ਉਹ ਥੱਕ ਗਈ ਸੀ
ਧੋਖਾ ਉਸ ਨਾਲ ਕੋਈ ਕਰ ਗਿਆ ਸੀ
ਵਾਅਦਾ ਕਰਕੇ ਕੋਈ ਵਾਅਦਿਉਂ ਮੁਕਰ ਗਿਆ ਸੀ
ਉਹਦੇ ਦਰਦ ਨਾਲ ਕਿਸੇ ਨੂੰ ਹਮਦਰਦੀ ਤੱਕ ਨਾ ਆਈ ਸੀ
ਮਾਰ ਕੇ ਹਰ ਖਾਹਿਸ਼ ਆਪਣੀ

ਕਿਸੇ ਦੀ ਖਾਤਿਰ ਟੁਰਦੀ ਰਹੀ ਸੀ
ਬਣਕੇ ਆਪ ਤਮਾਸ਼ਾ ਕਿਸੇ ਦੀ ਤਮੰਨਾ ਪੂਰਦੀ ਰਹੀ ਸੀ
ਦੁੱਖ ਆਪਣੇ ਅਣਜਾਣ ਕਰਕੇ
ਝੱਲਿਆਂ ਵਾਂਗੂੰ ਹੱਸਦੀ ਰਹੀ ਸੀ
ਅੱਜ ਉਹ ਮੇਰੇ ਸਾਹਮਣੇ ਖੜੀ ਸੀ
ਮੈਂ ਉਸਦੇ ਗੂੰਗੇ ਅੰਦਾਜ਼ ਨੂੰ ਪੜ੍ਹਨ ਲੱਗੀ
ਹੌਲੀ-ਹੌਲੀ ਉਹ ਪੱਥਰ ਬਣਨ ਲੱਗੀ
ਮੇਰਾ ਦਿਲ ਕੀਤਾ ਉਸਨੂੰ ਪਕੜਾਂ, ਝਿੰਜੋੜਾਂ
ਹਿਲਾ ਦੇਵਾਂ, ਮਜਬੂਰ ਕਰ ਦੇਵਾਂ ਬੋਲਣ ਲਈ
ਮੈਂ ਜਿਉਂ ਹੀ ਹੱਥ ਅਗਾਂਹ ਵਧਾਇਆ
ਮੇਰਾ ਹੱਥ ਸ਼ੀਸ਼ੇ ਦੇ ਦਿਲ ਤੇ ਲੱਗਾ।
ਸ਼ੀਸ਼ਾ ਚੂਰ ਚੂਰ ਹੋ ਗਿਆ,
ਮੈਂ ਲਹੂ-ਲੁਹਾਣ ਹੋ ਗਈ
ਉਹ ਕੁੜੀ ਵੀ ਗਾਇਬ ਹੋ ਗਈ
ਉਹ ਕਿਥੇ ਗਈ ਤੇ ਕੌਣ ਸੀ
ਮੈ ਕੁਝ ਪਲ ਸੋਚਦੀ ਰਹੀ
ਸ਼ਾਇਦ ਉਹ ਕੁੜੀ 'ਅੰਜੂ' ਤੂੰ ਆਪੇ ਹੀ ਸੀ
ਜਿਸਨੂੰ ਤੂੰ ਅੱਜ ਵਿਹਲ ਕੱਢ ਕੇ ਪੜ੍ਹਿਆ ਸੀ
ਘਬਰਾ ਕੇ ਤੂੰ ਆਪੇ ਤੋਂ
ਹੁਣੇ-ਹੁਣੇ ਇੱਕ ਹੋਰ ਤਾਜ਼ਾ ਜ਼ਖਮ
ਲਈ ਖੜੀ ਸੀ।

ਯਕੀਨ ਨਾ ਸੀ

ਤੇਰਾ ਹਰ ਬਿਆਨ ਬਦਲ ਜਾਣਾ ਸੀ ,
ਯਕੀਨ ਨਾ ਸੀ ।
ਮੇਰਾ ਵਿਸ਼ਵਾਸ ਇਸ ਤਰ੍ਹਾਂ ਮਰ ਜਾਣਾ ਸੀ ,
ਯਕੀਨ ਨਾ ਸੀ।
ਤੂੰ ਇਸ ਤਰ੍ਹਾਂ ਪਿਆਰ ਤੋਂ ਮੁੱਕਰ ਜਾਣਾ ਸੀ ,
ਯਕੀਨ ਨਾ ਸੀ।
ਮੈਂ ਇਸ਼ਕ ਦਾ ਟੁਣਾ ਟੱਪ ਜਾਣਾ ਸੀ,
ਯਕੀਨ ਨਾ ਸੀ।
ਦਿਲ ਦੀ ਰਜ਼ਾਮੰਦੀ ਵਿੱਚ ਮੈਂ ਤੈਨੂੰ, ਤੂੰ ਮੈਨੂੰ ਅਵਾਜ਼ ਦਿੱਤੀ ਸੀ
ਤੂੰ ਹਰ ਗੱਲ ਅਣਸੁਣੀ ਕਰ ਦੇਣੀ ਸੀ,
ਯਕੀਨ ਨਾ ਸੀ।
ਰਿਸ਼ਤਾ ਮੇਰਾ ਵੀ ਖ਼ੁਦਾ ਨਾਲ ਬੇਸ਼ਕ ਬਿਹਤਰ ਹੈ
ਮੈ ਆਪਣੇ ਆਪ ਤੋਂ ਇੱਕ ਦਿਨ ਖ਼ਫਾ ਹੋ ਜਾਣਾ ਸੀ,
ਯਕੀਨ ਨਾ ਸੀ।
ਜਿਸ ਤਰ੍ਹਾਂ ਸਾਗਰ ਦੇ ਮਿਲਾਪ ਨੂੰ ਲੋਚਦੀ ਹੈ ਨਦੀ
ਤੂੰ ਮੇਰੀ ਤੜਪ ਦੇ ਕਤਰਿਆਂ ਨੂੰ ਕਤਲ ਕਰ ਦੇਣਾ ਸੀ,
ਯਕੀਨ ਨਾ ਸੀ।
ਨਹੀਂ ਰਿਹਾ ਹੁਣ ਅਸਾਡੀ ਮੁਲਾਕਾਤ ਵਿੱਚ ਉਹ ਮਜ਼ਾ, ਨਹੀਂ ਰਿਹਾ
ਹਰ ਗੱਲ ਅਖਬਾਰ ਵਿੱਚ ਛਪ ਜਾਏਗੀ, ਯਕੀਨ ਨਾ ਸੀ।
ਮੇਰੀ ਤੌਬਾ, ਹਾਏ ਤੌਬਾ ਮੈ ਤੈਨੂੰ ਇੰਨਾ ਪਿਆਰ ਕਰ ਬੈਠੀ

ਤੂੰ ਮੇਰੀ ਪਿਆਸ ਦੇ ਹੋਂਠਾਂ ਤੇ ਤਿੜਕਿਆ ਸੁਨਿਹਰੀ ਗਲਾਸ ਲਾ ਦੇਵੇਂਗਾ,
ਯਕੀਨ ਨਾ ਸੀ।
ਮੈਂ ਤੇਰੀ ਖਾਤਿਰ ਆਪਣੀ ਜ਼ਿੰਦਗੀ ਨੂੰ ਬ੍ਰਿਹਾ ਲਗਾ ਬੈਠੀ
ਤੂੰ ਮੇਰੇ ਜਜ਼ਬਾਤਾਂ ਤੋਂ ਇੰਝ ਬੇਪਰਵਾਹ ਹੋ ਜਾਣਾ ਸੀ,
ਯਕੀਨ ਨਾ ਸੀ।
ਤੂੰ ਮੇਰੇ ਨਿਢਾਲ ਜਿਸਮ ਦੀ ਖਬਰ ਪੁੱਛੇ ਬਗੈਰ
ਮੇਰੇ ਕੋਲੋਂ ਦੀ ਹੱਸ ਕੇ ਲੰਘ ਜਾਣਾ ਸੀ,
ਯਕੀਨ ਨਾ ਸੀ।
ਤੂੰ ਮੈਨੂੰ ਇਸ ਤਰ੍ਹਾਂ ਸਤਾਉਣਾ ਸੀ, ਵੀਰਾਨਿਆ ਰਾਹਾਂ ਵੱਲ ਤੋਰਨਾ ਸੀ।
ਖਾ ਕੇ ਇਮਾਨ ਦੀਆਂ ਕਸਮਾਂ, ਇਮਾਨ ਤੋਂ ਮੁੱਕਰ ਜਾਣਾ ਸੀ,
ਯਕੀਨ ਨਾ ਸੀ।
ਮੈ ਜੀਂਦੀ ਹਾਂ, ਨਾ ਮੋਈ ਹਾਂ
ਤੂੰ ਸਰਦ ਬਾਲਣ ਵਿੱਚ ਚੰਗਿਆੜੀ ਰੱਖ ਦੇਵੇਂਗਾ,
ਯਕੀਨ ਨਾ ਸੀ।
ਬਦਲ ਜਾਏਗਾ ਤੇਰੇ ਬਗੈਰ ਮੇਰੀ ਗੱਲਬਾਤ ਦਾ ਤਰੀਕਾ,
ਮਿਲਣ-ਮਿਲਾਉਣ ਦਾ ਸਲੀਕਾ
ਹੋ ਜਾਣਾ ਸੀ 'ਅੰਜੂ' ਨੇ ਤੇਰੇ ਬਗੈਰ
ਇੰਝ ਦਿਲ ਤੋਂ ਖਾਲੀ ਤੇ ਗਰੀਬ,
ਯਕੀਨ ਨਾ ਸੀ।
ਤੇਰਾ ਹਰ ਬਿਆਨ ਬਦਲ ਜਾਣਾ ਸੀ,
ਯਕੀਨ ਨਾ ਸੀ।

ਸਾਵਣ ਦਾ ਨਜ਼ਾਰਾ

ਉਹ ਨਜ਼ਾਰਾ ਬਹੁਤ ਪਿਆਰਾ ਲਗਦਾ ਹੈ
ਜਦੋਂ ਬਾਰਿਸ਼ ਤੋਂ ਬਾਦ ਪੱਤਾ-ਪੱਤਾ ਨਿੱਖਰਦਾ ਹੈ,
ਕਲੀਆਂ ਦੀ ਖੁਸ਼ਬੂ ਸੰਗ ਫਿਰ ਹਵਾ ਨੱਚਦੀ ਹੈ
ਤੁਲਸੀ ਦੇ ਬੂਟੇ ਨੂੰ ਜਦ ਦਾਦੀ ਪਿਆਰ ਨਾਲ ਪਲੋਸਦੀ ਹੈ।
ਗਲ਼ੀਆਂ ਦੀਆਂ ਇੱਟਾਂ ਤੇ ਲਾਲੀ ਨਿਖਰਦੀ ਹੈ।
ਘਰ ਦੀ ਛੱਤ ਤੇ ਫਿਰ ਬੱਚਿਆਂ ਦਾ ਮੇਲਾ ਲਗਦਾ ਹੈ
ਰੰਗ ਬਰੰਗੇ ਪਤੰਗਾਂ ਦਾ ਖੇਲ ਮਨ ਭਾਵਕ ਹੁੰਦਾ ਹੈ
ਕਟੀ ਪਤੰਗ ਦਾ ਤਮਾਸ਼ਾ ਵੀ ਗ਼ਜ਼ਬ ਦਾ ਫਿਰ ਹੁੰਦਾ ਹੈ
ਕੋਈ ਹੱਸਦਾ ਹੈ, ਕੋਈ ਰੋਂਦਾ ਹੈ ਇਹ ਝਗੜਾ ਬੜਾ ਮਾਸੂਮ ਹੁੰਦਾ ਹੈ
ਬਾਰਿਸ਼ ਤੋਂ ਬਾਦ ਹਰ ਨਜ਼ਾਰਾ ਪਿਆਰਾ ਲਗਦਾ ਹੈ
ਫਿਰ ਦਾਦਾ ਜੀ ਦੀ ਕੁਰਸੀ ਵਿਚ ਦਰਵਾਜ਼ੇ ਹੁੰਦੀ ਹੈ
ਹਰ ਆਉਂਦੇਂ ਜਾਂਦੇ ਨਾਲ ਦੁਆ-ਸਲਾਮ ਹੁੰਦੀ ਹੈ
ਕਦੇ ਨਵੀਂ ਪੁਰਾਣੀ ਅਖਬਾਰ ਦਾ ਚਰਚਾ,
ਕਦੇ ਲੀਡਰਾਂ ਦੀ ਚੁਗਲ-ਬਾਜ਼ੀ ਹੁੰਦੀ ਹੈ
ਜਦ ਕਲੀਆਂ ਸੰਗ ਖਸ਼ਬੂ ਮਸਤ-ਮਸਤ ਨੱਚਦੀ ਹੈ
ਬਾਰਿਸ਼ ਤੋਂ ਬਾਅਦ ਮਿੱਠੇ ਦਾ ਆਪਣਾ ਹੀ ਨਜ਼ਾਰਾ ਹੁੰਦਾ ਹੈ
ਗੱਲਾਂ ਗੱਲਾਂ ਵਿਚ ਦਾਦਾ ਜੀ ਦਾ ਇਸ਼ਾਰਾ ਖੀਰ-ਪੂੜੇ ਵਲ ਹੁੰਦਾ ਹੈ
ਭਗਵਾਨ ਨੂੰ ਭੋਗ ਲਗਾ ਦੇਣਾ, ਦਾਦੀ ਨੂੰ ਫਿਕਰ ਸਭ ਤੋਂ ਵੱਧ ਹੁੰਦਾ ਹੈ
ਗਰਮੀ, ਸਰਦੀ ਤੇ ਬਾਰਿਸ਼ ਵਿਚ ਵੀ, ਬਾਪੂ ਦਾ ਦਫਤਰ ਜਾਣਾ ਜ਼ਰੂਰੀ
ਹੁੰਦਾ ਹੈ

ਮਾਂ ਦੇ ਦਿਲ ਦਾ ਮੋਰ ਚੁੱਪ ਹੈ, ਜਾਂ ਨੱਚਦਾ ਹੈ
ਕਿਸੇ ਕੋਲ ਨਾ ਫੁਰਸਤ ਨਾ ਖਿਆਲ ਹੁੰਦਾ ਹੈ
ਸਾਡੀ ਮਾਂ ਨੂੰ ਸਾਡੀ ਹਰ ਛੋਟੀ ਤੋਂ ਛੋਟੀ ਖੁਸ਼ੀ ਦਾ ਵੀ ਫਿਕਰ ਹੁੰਦਾ ਹੈ
ਖਿੜਕੀ ਦੇ ਫਰੇਮ ਵਿਚ ਜੜਿਆ, ਮਾਂ ਜਦ ਅੰਬਰ ਤਕਦੀ ਹੈ,
ਬਾਰਿਸ਼ 'ਚ ਭਿੱਜਦਿਆਂ ਵੇਖ ਸਾਨੂੰ, ਖਬਰੇ ਆਪਣਾ ਬਚਪਨ ਤੱਕਦੀ ਹੈ
ਬਾਰਿਸ਼ ਤੋਂ ਬਾਦ ਜਦ ਦਾਦੀ ਤੁਲਸੀ ਦੇ ਬੂਟੇ ਨੂੰ ਪਲੋਸਦੀ ਹੈ
ਨਿਖਰਿਆ-ਨਿਖਰਿਆ ਹਰ ਨਜ਼ਾਰਾ ਲਗਦਾ ਹੈ
ਬਦਲਿਆ-ਬਦਲਿਆ ਹਰ ਕਿਸੇ ਦਾ ਸੁਭਾਅ ਹੁੰਦਾ ਹੈ
ਹੁਸਨ ਤੇ ਆਇਆ ਨਿਖਾਰ ਹੁੰਦਾ ਹੈ
ਫਿਰ ਉਸਦੀ ਗਲੀ ਜਾਣਾ ਚੰਗਾ ਲਗਦਾ ਹੈ
ਪਪੀਹੇ ਦੀ ਤ੍ਰੇਹ ਨੂੰ ਠੱਲ੍ਹ ਪਈ ਤੇ ਜਸ਼ਨ ਮਨਾਉਂਦੇ
ਮੋਰ ਦਾ ਨਾਚ ਚੰਗਾ ਲਗਦਾ ਹੈ
ਕਾਗ਼ਜ਼ ਦੀ ਕਿਸ਼ਤੀ ਵਿਚ ਬਹਿਣਾ 'ਅੰਜੂ'
ਤੇ ਬਾਰਿਸ਼ ਦੀਆਂ ਸੋਚਾਂ ਨੂੰ ਸਮੁੰਦਰ ਸਮਝਣਾ,
ਚੰਗਾ ਲਗਦਾ ਹੈ।
ਬਾਰਿਸ਼ ਵਿਚ ਭਿੱਜਣਾ ਤੇ ਬਾਰਿਸ਼ ਤੋਂ ਬਾਅਦ,
ਹਰ ਨਜ਼ਾਰਾ ਚੰਗਾ ਲਗਦਾ ਹੈ
ਪੱਤਾ-ਪੱਤਾ ਨਿਖਰਦਾ ਹੈ,
ਹਵਾ ਦਾ ਹੁਲਾਰਾ ਜਦ ਚਿਹਰੇ ਨੂੰ ਤਾਜ਼ਾ ਕਰਦਾ ਹੈ।

ਅਧੂਰਾ ਤੇ ਖ਼ਾਮੋਸ਼ ਰਿਸ਼ਤਾ

ਪਤਾ ਨਹੀਂ ਕੀ ਰਿਸ਼ਤਾ ਸੀ, ਉਸ ਦਾ ਤੇ ਮੇਰਾ,
ਉਸਦੇ ਜਾਣ ਮਗਰੋਂ ਮੈਂ ਵਾਰ ਵਾਰ ਸੋਚਿਆ।
ਖ਼ਾਮੋਸ਼ ਉਹ ਵੀ ਗੁਜ਼ਰ ਜਾਂਦਾ ਸੀ,
ਖ਼ਾਮੋਸ਼ ਮੈਂ ਵੀ ਗੁਜ਼ਰ ਜਾਂਦੀ ਸੀ।
ਇੱਕ ਹੀ ਸ਼ਹਿਰ ਦੇ ਸਾਂ, ਰੋਜ਼ ਮਿਲਦੇ ਸਾਂ
ਪਰ ਅਜਨਬੀ-ਅਜਨਬੀ ਜਹੇ ਸਾਂ।
ਪਿਛਲੀ ਰਾਤ ਉਦਾਸੀ ਤੇ ਬੜੀ ਬੈਚੇਨੀ 'ਚ ਗੁਜ਼ਰੀ,
ਕੀ ਕਾਰਣ ਹੈ? ਜਾਂ ਕੋਈ ਹਾਦਸਾ ਵਾਪਰੇਗਾ?
ਮੇਰੀ ਰੂਹ ਨੂੰ ਸਭ ਖ਼ਬਰ ਸੀ ਤਾਂ ਹੀ ਤਾਂ ਦਿਲ ਬੈਚੇਨ ਸੀ।
ਸਵੇਰ ਦੀ ਹਵਾ ਵੀ ਅੱਜ ਸੁਸਤ ਸੁਸਤ ਸੀ।
ਉਹ ਮੈਨੂੰ ਰੋਜ਼ਾਨਾ ਦੀ ਤਰ੍ਹਾਂ ਅੱਜ ਫਿਰ ਮਿਲਿਆ,
ਖ਼ਾਮੋਸ਼ ਬਣਕੇ ਨਹੀਂ, ਸਵਾਲ ਬਣਕੇ ਮਿਲਿਆ।
ਉਸਨੇ ਚੁੱਪ ਤੋੜੀ, ਐਸੀ ਤੋੜੀ
ਕਿ ਮੇਰੀ ਹਰ ਹਰਕਤ ਪੱਥਰ ਕਰ ਦਿੱਤੀ।
ਜਦ ਆਖ਼ਿਆ ਉਸਨੇ, ਅੱਛਾ.....
ਫਿਰ ਮਿਲਾਂਗੇ
ਫਿਰ ਮਿਲਾਂਗੇ,

ਇਸੇ ਤਰ੍ਹਾਂ ਅਚਾਨਕ, ਇਸ ਜਨਮ 'ਚ
ਜਾਂ ਫਿਰ.....
ਅਗਲੇ ਜਨਮ 'ਚ
ਦੱਬੇ ਜਜ਼ਬਾਤਾਂ ਨੂੰ ਨਵਾਂ ਰੰਗ ਦੇ ਕੇ
ਫਿਰ ਮਿਲਾਂਗੇ,
ਅਜਨਬੀ ਭੀੜ ਵਿੱਚ,
ਟਕਰਾਉਂਦੇ ਚਿਹਰਿਆਂ 'ਤੇ,
ਪੁਰਾਣੀ ਪਹਿਚਾਣ ਲੈ ਕੇ,
ਫਿਰ ਮਿਲਾਂਗੇ।
ਫਿਰ ਮਿਲਾਂਗੇ, ਕਿਧਰੇ....
ਜਾਂ ਫਿਰ ਸ਼ੋਰ ਪਾਉਂਦੀਆਂ ਸੜਕਾਂ ਦੇ ਕਿਨਾਰੇ,
ਬਣੀਆਂ ਖਾਮੋਸ਼ ਪਗਡੰਡੀਆਂ ਤੇ।
ਫਿਰ ਮਿਲਾਂਗੇ ,
ਫਿਰ ਮਿਲਾਂਗੇ.....
ਮੈਂ ਪੁੱਛਿਆ,
ਜਾਂ ਫਿਰ.?....ਉਸਨੇ ਆਖਿਆ,
ਜਾਂ ਫਿਰ ,
ਕਦੇ ਵੀ ਨਹੀ।
ਖਾਮੋਸ਼ ਉਹ ਵੀ ਖੜਾ ਸੀ, ਖਾਮੋਸ਼ ਮੈਂ ਵੀ ਖੜੀ ਸੀ।

ਇਸ ਹਾਦਸੇ ਦੇ ਜ਼ਖ਼ਮੀਂ ਅਸੀਂ ਦੋਵੇਂ ਸੀ।
ਅੰਤਰ ਆਤਮਾ ਦੀ ਪੀੜ ਰੋ ਰਹੀ ਸੀ।
ਨਾ ਕੁਝ ਆਖਣ ਦਾ ਅੰਦਾਜ਼, ਨਾ ਤੌਫ਼ੀਕ ਸੀ,
ਤੈਨੂੰ ਮੁੜਨਾ ਪਵੇਗਾ,
ਮੁੜਨਾ ਪਵੇਗਾ, ਜਾਣ ਵਾਲਿਆ
ਮੁੜਨਾ ਪਵੇਗਾ
ਇਸ ਅਧੂਰੀ ਤੇ ਖਾਮੋਸ਼ ਰਸਮ ਨੂੰ ਨਿਭਾਉਣ
ਲਈ,
ਤੈਨੂੰ ਮੁੜਨਾ ਪਵੇਗਾ।
ਉਸਨੇ ਮੇਰਾ ਹਰ ਵਾਸਤਾ ਸੁਣਿਆ,
ਮੈਨੂੰ ਵੀਰਾਨ ਹੁੰਦੀ ਨੂੰ ਤੱਕਿਆ।
ਹੱਥ ਛੁੱਡਾ ਕੇ ਮੈਥੋਂ ਉਹ ਰਵਾਨਾ ਹੋ ਗਿਆ ਸੀ,
ਮੈਂ ਉਸਨੂੰ ਦੂਰ ਤੱਕ ਜਾਂਦੇ ਨੂੰ ਦੇਖਦੀ ਰਹੀ ਸੀ।
ਤੇ ਸੋਚਦੀ ਰਹੀ ਇਹ ਕੈਸਾ ਰਿਸ਼ਤਾ ਸੀ ।
ਉਸਦਾ ਤੇ ਮੇਰਾ
ਅਧੂਰਾ ਅਧੂਰਾ
ਖ਼ਾਮੋਸ਼ ਖ਼ਾਮੋਸ਼ ।

ਮਾਂ ਬਾਪ ਦੀ ਹਾਲਤ

ਵੱਡੇ ਵੱਡੇ ਫੈਸਲੇ ਕਰਨ ਵਾਲੇ
ਖੁਦ ਨੂੰ ਕਿੰਨਾ ਛੋਟਾ ਕਰ ਲੈਂਦੇ ਨੇ,
ਹੱਥੀਂ ਬਣਾ ਕੇ ਘਰ ਆਪਣਾ
ਫਿਰ ਆਪਣੇ ਹੀ ਵਾਸਤੇ ਇੱਕ ਕੋਨਾ ਚੁਣ ਲੈਂਦੇ ਨੇ,
ਔਲਾਦ ਅੱਗੇ ਮਾਂ-ਬਾਪ ਚੁੱਪ ਹੋ ਜਾਂਦੇ ਨੇ।
ਸਿਖਾਉਂਦੇ ਨੇ ਜੋ ਨਾਲ ਮੁਸੀਬਤਾਂ ਦੇ ਲੜਨਾ,
ਇੱਕ ਦਿਨ ਵਕਤ ਨਾਲ ਸਮਝੌਤਾ ਕਰ ਲੈਂਦੇ ਨੇ।
ਵੱਡੇ ਵੱਡੇ ਫੈਸਲੇ ਕਰਨ ਵਾਲੇ,
ਖੁਦ ਨੂੰ ਛੋਟਾ ਕਰ ਲੈਂਦੇ ਨੇ।
ਸਮਝੌਤਾ ਕਰ ਲਿਆ ਹੈ ਮੇਰੇ ਮਾਂ, ਬਾਪ ਨੇ
ਆਪਣੇ ਆਪ ਨੂੰ ਇੱਕ ਕਮਰੇ ਵਿੱਚ ਬੰਦ ਕਰ ਲਿਆ ਹੈ,
ਮੇਰੇ ਮਾਂ ਬਾਪ ਨੇ।
ਰਿਟਾਇਰ ਹਨ ਪਿਤਾ ਜੀ ਮੇਰੇ,
ਹੁਣ ਪੋਤੇ ਪੋਤੀ ਦੀਆਂ ਕਿਤਾਬਾਂ ਦਾ ਜਿੰਮਾ ਉਨ੍ਹਾਂ ਦਾ
ਹੈ।
ਮਾਂ ਵਿਚਾਰੀ ਰਹੀ ਹਸਰਤਾਂ ਗੁੰਨ੍ਹਦੀ,
ਬੈਠੀ ਰਹਿੰਦੀ ਹੈ ਕਮਰੇ 'ਚ ਇੱਕਲੀ ਇੱਕਲੀ,
ਪੁੱਤਰ ਨੂੰ ਉਡੀਕਦੀ।
ਦੇਖਦੀ ਰਹਿੰਦੀ ਹੈ ਅਉਂਦੇ ਜਾਂਦੇ ਨੂੰ,
ਦੇ ਲੈਂਦੀ ਹੈ ਆਪੇ ਨੂੰ ਤਸੱਲੀ,
ਹਾਲੇ, ਵਿਹਲ ਨਹੀਂ ਹੈ, ਮੇਰੇ ਪੁੱਤਰ ਕੋਲ,
ਵਿਹਲ ਕੱਢਕੇ, ਲਵੇਗਾ ਜ਼ਰੂਰ ਖ਼ਬਰ-ਸਾਰ ਮੇਰੀ।

ਮਾਂ ਰਹਿੰਦੀ ਹੈ ਹਸਰਤਾਂ ਗੁੰਨ੍ਹਦੀ,
ਬੈਠੀ ਰਹਿੰਦੀ ਹੈ ਪੁੱਤਰ ਨੂੰ ਉਡੀਕਦੀ।
ਪਿਤਾ ਜੀ ਹੁਣ ਜਲਦੀ ਥੱਕ ਜਾਂਦੇ ਹਨ,
ਬਾਵਜੂਦ ਇਸਦੇ, ਘਰ ਦਾ ਸਮਾਨ, ਰਾਸ਼ਨ ਲਿਆ ਦਿੰਦੇ ਹਨ।
ਬਹੂ ਦੇ ਕਲੇਸ਼ ਤੋਂ ਡਰਦੇ,
ਬਜ਼ੁਰਗ ਸਰੀਰ ਦੀ ਹਰ ਤਕਲ਼ੀਫ਼ ਸਹਿ ਲੈਂਦੇ ਨੇ,
ਕਰੀਜ਼ਦਾਰ ਕੁੜਤਾ ਪਹਿਨਣ ਵਾਲੇ,
ਹੁਣ ਬਿਨ ਧੋਤੇ ਵੀ ਕੱਪੜੇ ਪਾ ਲੈਂਦੇ ਨੇ।
ਸੂਰਜ ਢਲ਼ਦੇ ਨਾਲ ਹੀ ਮੇਰੇ ਮਾਂ ਬਾਪ ਇੱਕਲੇ ਹੋ ਜਾਂਦੇ ਨੇ,
ਚਾਰ ਦੀਵਾਰੀ ਵਿੱਚ ਵਹਿ ਕੇ ਜਰੂਰ ਕੁਝ ਸੋਚਦੇ ਨੇ,
ਕੀ ਸੋਚਦੇ ਨੇ ਤੇ ਕਿਸ ਬਾਰੇ ਸੋਚਦੇ ਨੇ?
ਅੱਖਾਂ ਦੇ ਟੋਏ ਦੱਸਦੇ ਨੇ ਕਿ ਰਾਤ ਭਰ ਰੋਂਦੇ ਨੇ,
ਸ਼ਾਇਦ ਸ਼ਿਕਵਾ, ਸ਼ਿਕਾਇਤ, ਆਪਣੀ ਔਲਾਦ 'ਤੇ ਕਰਦੇ ਨੇ,
ਜਾਂ ਫਿਰ ਆਪਣੀ ਪਰਵਰਿਸ਼ 'ਤੇ ਕਰਦੇ ਨੇ।
ਕਰਕੇ ਬੰਦ ਬੂਹੇ ਬਾਰੀਆਂ, ਦੁੱਖਾਂ ਦੀ ਪੋਟਲੀ ਖੋਲ੍ਹਦੇ ਨੇ
ਕਿੰਨੇ ਹੀ ਚਾਵਾਂ ਨਾਲ ਪਾਲ਼ਿਆ ਸੀ ਪੁੱਤਰ ਨੂੰ,
ਹਰ ਚਾਅ ਤੇ ਅਫ਼ਸੋਸ ਕਰਦੇ ਨੇ।
ਚੁੱਪ ਹੋ ਜਾਂਦੇ ਨੇ, ਮਜਬੂਰ, ਲਾਚਾਰ ਹੋ ਜਾਂਦੇ ਨੇ।
ਹੱਥੀਂ ਬਣਾ ਕੇ ਘਰ ਆਪਣਾ, ਫਿਰ ਆਪਣੇ ਵਾਸਤੇ 'ਅੰਜੂ'
ਇੱਕ ਕੋਨਾ ਚੁਣ ਲੈਂਦੇ ਨੇ,
ਵੱਡੇ ਵੱਡੇ ਫੈਸਲੇ ਕਰਨ ਵਾਲੇ ਖੁਦ ਨੂੰ ਕਿੰਨਾ ਛੋਟਾ ਕਰ ਲੈਂਦੇ ਨੇ।
ਔਲਾਦ ਅੱਗੇ ਮਾਂ ਬਾਪ ਕਮਜ਼ੋਰ ਹੋ ਜਾਂਦੇ ਨੇ।

ਮੈਥੋਂ ਤੇਰਾ ਕਰਜ਼ ਨਹੀਂ ਲਹਿਣਾ

ਪਤਾ ਨਹੀਂ ਮੈਂ ਕਿਸ ਧਰਤੀ ਦੀ ਮਿੱਟੀ ਹਾਂ
ਰਲ ਜਾਣਾ ਹੈ ਮੈਂ ਵੀ
ਇੱਕ ਦਿਨ ਉਸ ਵਿੱਚ ਬਣ ਮਿੱਟੀ
ਜਿਸ ਧਰਤੀ ਤੋਂ ਉਧਾਰੀ ਮੰਗ ਮਿੱਟੀ
ਮਾਂ ਮੇਰੀ ਨੇ ਆਪਣੀ ਕੁੱਖ ਲਿੱਪੀ
ਮੈਂ ਹਾਂ ਉਧਾਰੀ ਮਿੱਟੀ
ਮਾਏ ਨੀ ਸੁਣ ਮੇਰੀਏ ਮਾਏ
ਤੇਰੀ ਕੁੱਖ 'ਚ ਬਣਾਈ ਮੈਂ ਆਪਣੀ ਧਰਤੀ
ਮੈਨੂੰ ਗੁੰਨਿਆ ਤੇਰੀਆਂ ਆਂਦਰਾਂ ਤੇ ਲਹੂ ਨੇ ਨਾਲ ਭਗਤੀ
ਤੇਰੀ ਇਕਾਗਰਤਾ ਨੇ ਕੀਤੀ ਮੇਰੀ ਨਕਸ਼ਕਾਰੀ
ਤੇਰਾ ਗਰਭ ਸੀ ਕਵਚ ਮੇਰਾ, ਤੇਰੀ ਕੁੱਖ ਧਰਤੀ ਮੇਰੀ
ਤੂੰ ਮਮਤਾ ਦੀ ਮੂਰਤੀ
ਫੁੱਟ ਗਈ ਤੇਰੀ ਛਾਤੀ 'ਚੋਂ ਦੁੱਧ ਦੀ ਨਦੀ
ਮੈਂ ਉਪਜੀ ਤੇਰੀ ਹੋਂਦ 'ਚੋ ਬਣ ਟਾਹਣੀ
ਮੈਨੂੰ ਲਾਇਆ ਤੂੰ ਹਿਕ ਨਾਲ ਤੇ ਪੀ ਗਈ ਪੀੜ
ਸਾਰੀ ਦੀ ਸਾਰੀ
ਮੈਂ ਕਰਜ਼ਾਈ ਤੇਰੀ ਪੀੜ ਦੀ, ਦੁੱਧ ਦੀ, ਨਦੀ ਦੀ
ਮੈਂ ਮਾਂ ਰਿਣੀ ਤੇਰੀ
ਅਗਲੇ ਜਨਮੇ ਤੂੰ ਮੇਰੀ ਕੁੱਖੋਂ ਜਨਮੇ,
ਬਣੇ ਮੇਰੀ ਕੁੱਖ ਤੇਰੀ ਧਰਤੀ
ਇਹ ਜਿਸਮ ਮਿੱਟੀ, ਧਰਤੀ ਮਿੱਟੀ
ਮਾਂ, ਪਤਾ ਨਹੀ ਮੈਂ ਕਦੇ ਤੇ ਕਿੱਥੇ ਬਣ ਜਾਣਾ ਹੈ ਮਿੱਟੀ
ਰਲ ਜਾਣਾ ਹੈ ਮੈਂ ਵੀ
ਇੱਕ ਦਿਨ ਉਸ ਵਿੱਚ ਬਣ ਮਿੱਟੀ।

ਮਾਸ ਦਾ ਲੋਥੜਾ

(ਪਾਕਿਸਤਾਨੀ ਵੀਰਾਂ ਭੈਣਾਂ ਦੇ ਹੌਸਲ਼ਿਆਂ ਨੂੰ ਸਮਰਪਿਤ ਹੈ ਜਿਹੜੇ 2010 ਦੇ ਭੂਚਾਲ ਤੇ ਹੜਾਂ ਦੀ ਲਪੇਟ ਵਿੱਚ ਉਲਝ ਕੇ ਵੀ ਬੁਲੰਦ ਰਹੇ)

ਐ ਖ਼ੁਦਾਇਆ ਹੈ ਕੈਸਾ ਇਹ ਮਾਸ ਦਾ ਲੋਥੜਾ
ਸੀਨੇ ਵਿੱਚ ਹਰਕਤ ਨਹੀਂ, ਫਿਰ ਵੀ ਹੈ ਜਿਊਂਦਾ
ਲਾਪ੍ਰਵਾਹ ਹਨੇਰੀ ਅੱਗੇ ਬਾਲ਼ੀ ਬੈਠੀ ਹੈ ਦੀਵਾ
ਰੋ ਰਹੀਆਂ ਕਲਪਨਾਵਾਂ ਨੂੰ, ਗਲ਼ ਲਾ ਕੇ ਚੁੱਪ ਕਰਵਾਉਂਦਾ
ਵਾਹ ਰੇ ਵਾਹ ਜ਼ਿੰਦਗੀ ਤੇਰਾ ਕੈਸਾ ਫੈਸਲਾ
ਮਾਸ ਦਾ ਲੋਥੜਾ ਆਸ ਦਾ ਦੀਵਾ
ਕੱਢ ਰਿਹਾ ਹੈ ਜ਼ਖਮੀ ਸਮੇਂ 'ਚੋਂ ਸੂਈਆਂ
ਲਹੂ ਲਹਾਣ ਹੈ, ਆਖੇ ਅਸੀਂ ਨਹੀਂ ਰੋਣਾ
ਟੁੱਟ ਗਈਆਂ ਕੰਧਾਂ, ਵਕਤ ਨਾਲ ਮੁਕਾਬਲਾ ਕਰਦੀਆਂ
ਚੁੱਕ ਤੀਲਾ ਤੀਲਾ ਅਸਾਂ ਇੱਕ ਘਰ ਬਣਾਉਣਾ
ਹੈ ਕਿੱਡਾ ਜਿਗਰਾ ਇਸ ਮਾਸ ਦੇ ਲੋਥੜੇ ਦਾ
ਵਾਹ ਰੇ ਵਾਹ ਜ਼ਿੰਦਗੀ ਇਹ ਤੇਰਾ ਕੈਸਾ ਫੈਸਲਾ
ਬਰਬਾਦ ਹੋਈਆਂ ਬਸਤੀਆਂ ਨੂੰ ਅਬਾਦ ਕਰਨ ਲਈ ਸੋਚਦਾ
ਤਜਰਬਿਆਂ ਦੇ ਲਿਬਾਸ 'ਚੋਂ ਲਿਬਾਸ ਹੈ ਪਹਿਨਦਾ
ਵੀਰਾਨਗੀ ਨੂੰ ਪੈਗਾਮ ਮੌਸਮਾਂ ਦਾ ਦੇ ਰਿਹਾ
ਰੋਂਦੇ ਬੱਚਿਆਂ ਨੂੰ ਦੇ ਕੇ ਤਸੱਲੀਆਂ ਖਿਲੌਣਿਆਂ ਦੀਆਂ,
ਚੁੱਪ ਕਰਵਾਉਂਦਾ

ਸੁਣੋ ਮੇਰੇ ਦੁਲਾਰਿਓ
ਅਸੀਂ ਈਦ, ਸ਼ਬਰਾਤ ਸਭ ਮਨਾਵਾਂਗੇ
ਜਾਣ ਮਗਰੋਂ ਬੇਵਕਤ ਦੀ ਬਰਸਾਤ ਦੇ, ਅਸੀ ਥਕੇਵਾਂ ਉਤਾਰਾਂਗੇ
ਵਾਹ ਰੇ ਵਾਹ ਜ਼ਿੰਦਗੀ ਤੇਰਾ ਕੈਸਾ ਫੈਸਲਾ
ਮਾਸ ਦਾ ਲੋਥੜਾ ਆਸ ਦਾ ਦੀਵਾ
ਤੂਫਾਨਾਂ ਦੀ ਝੰਬ ਅੱਗੇ ਹੋ ਕੇ ਬੁੰਲਦ ਖੜਾ
ਅਸੀਂ ਫਿਰ ਵੱਸਾਂਗੇ, ਅਸੀਂ ਫਿਰ ਹੱਸਾਂਗੇ, ਰਜ਼ਾ ਤੇਰੀ 'ਚ ਰਾਜ਼ੀ ਰਹਿਣਾ
ਇਹ ਧਰਤੀ ਤੇਰੀ, ਮੌਸਮ ਤੇਰੇ, ਸਾਰੇ ਫੈਸਲੇ ਤੇਰੇ,
ਜਿਉਂਦੀ ਜਾਨ ਨੂੰ ਜੀਣ ਲਈ ਜੱਦੋਜਹਿਦ ਕਰਦੇ ਰਹਿਣਾ
ਵਾਹ ਰੇ ਵਾਹ ਜ਼ਿੰਦਗੀ ਤੇਰਾ ਕੈਸਾ ਫੈਸਲਾ
ਮਾਸ ਦਾ ਲੋਥੜਾ, ਆਸ ਦਾ ਦੀਵਾ ਜਾਣਾ ਹੈ ਵਿੱਚ ਮਿੱਟੀ।

ਉਡੀਕ

ਤੇਰੇ ਅਉਣ ਤੋਂ ਪਹਿਲਾਂ ਬਹਾਰਾਂ ਦਾ ਆ ਜਾਣਾ
ਤੇਰੇ ਜਾਣ ਮਗਰੋਂ ਪਤਝੜਾਂ ਦਾ ਛਾਅ ਜਾਣਾ
ਮੇਰਾ ਸੋਗਵਾਰ ਰਹਿਣਾ
ਤੇਰਾ ਅਉਣਾ ਆ ਕੇ ਫਿਰ ਚਲੇ ਜਾਣਾ
ਤੇਰੇ ਅਉਣ ਜਾਣ ਦਾ ਸਫਰ
ਤੇ ਮੇਰਾ ਉਡੀਕਾਂ ਵਿੱਚ ਰਹਿਣਾ
ਕਦੇ ਤੂੰ ਵਫ਼ਾ, ਕਦੇ ਬੇ-ਵਫ਼ਾਈ ਕਰਦੇ ਲੱਗਣਾ
ਮੇਰਾ ਸੋਗਵਾਰ ਰਹਿਣਾ
ਤੇਰੀ ਉਡੀਕ ਵਿੱਚ ,
ਮੈਂ ਗਿਲਾ ਚੰਦ ਸੂਰਜ ਦੀਆਂ ਘੜੀਆਂ 'ਤੇ ਕਰਨਾ
ਕਦੇ ਨਾਗਣੀ ਰਾਤ ਨੂੰ ਕੋਸਣਾ
ਦਿਲ 'ਚ ਵਗਦੀ ਵੈਰਾਗਣੀ ਨਦੀ ਦਾ ਰੋਣਾ
ਥੱਕੀਆਂ ਥੱਕੀਆਂ ਅੱਖੀਆਂ ਦਾ ਤੈਨੂੰ ਉਡੀਕਦੇ ਰਹਿਣਾ
ਕਦੇ ਭੱਜਕੇ ਬੂਹਾ ਖੋਲ੍ਹਣਾ, ਕਦੇ ਢੋਣਾ
ਕਦੇ ਤੈਨੂੰ ਕੋਲ ਕੋਲ ਮਹਿਸੂਸਣਾ
ਕਦੇ ਹਰਕਤਾਂ ਦਾ ਪੱਥਰ ਬਣ ਜਾਣਾ
ਮੈਂ ਝੱਲੀ ਹਾਂ ਸ਼ੁਦੈਣ ਹਾਂ, ਜ਼ਮਾਨੇ ਵਲੋਂ ਮੈਨੂੰ ਇਹ ਇਲਜ਼ਾਮ ਦੇਣਾ
ਮੇਰਾ ਸੋਗਵਾਰ ਰਹਿਣਾ
ਤੂੰ ਕਦੇ ਵਫ਼ਾ ਕਦੇ ਬੇ-ਵਫ਼ਾਈ ਕਰਦੇ ਲੱਗਣਾ
ਮੇਰਾ ਉਡੀਕਾਂ ਵਿੱਚ ਰਹਿਣਾ
ਤੇਰਾ ਜਾ ਕੇ ਫਿਰ ਦੇਰ ਮਗਰੋਂ ਪਰਤਣਾ।

ਸ਼ਾਇਰੀ

ਸ਼ਾਇਰੀ ਇੱਕ ਕੱਚ ਦੀ ਵੰਗ ਵਰਗੀ ਛਣਕਾਹਟ ਹੈ
ਖੰਨ ਖੰਨ ਕਰਦੀ ਬਹੁਤ ਮਾਸੂਮ ਹੈ
ਮਸਤੀ ਵਿੱਚ ਝੂੰਮਦੇ, ਪੈਲਾਂ ਪਾਉਂਦੇ ਮੋਰ ਵਰਗੀ ਹੈ
ਰੰਗ ਬਰੰਗੇ ਉਹਦੇ ਪਰਾਂ ਵਰਗੀ ਰੰਗੀਨ ਹੈ
ਕੋਇਲ ਦੀ ਕੂ ਕੂ ਵਿੱਚੋਂ ਲੱਭਦੀ ਸਮੇਂ ਦੇ ਨਕਸ਼ ਵਰਗੀ ਹੈ
ਕੋਈ ਵੱਸ ਕੇ ਇਥੋਂ ਉੱਜੜ ਗਿਆ ਇਤਹਾਸੀ ਤਾਰੀਖ ਵਰਗੀ ਹੈ
ਉਡਾਰੀ ਭਰਦੇ ਕਿਸੇ ਪੰਛੀ ਵਰਗੀ ਹੈ
ਸਾਂਝਾਂ ਤੇ ਗਲਵੱਕੜੀਆਂ ਦੇ ਪੈਗ਼ਾਮ ਵਰਗੀ ਹੈ
ਸੁੱਚੇ ਮੋਤੀ ਚੁਗਦੇ ਹੰਸਾਂ ਦੀ ਮੁੱਹਬਤ ਵਰਗੀ ਹੈ
ਸ਼ਾਇਰੀ ਇੱਕ ਕਵਾਰੀ ਕੁੜੀ ਦੇ ਸੁਪਨਿਆਂ ਵਰਗੀ ਹੈ
ਕਿਸੇ ਤੱਤੜੀ ਦੀ ਇੰਤਜ਼ਾਰ ਵਰਗੀ ਹੈ
ਦਬੇ ਜ਼ਜਬਾਤਾਂ ਦੇ ਇਜ਼ਹਾਰ ਵਰਗੀ ਹੈ
ਮਿਲਣ ਵਿਛੜਣ ਦੀ ਰਸਮ ਵਰਗੀ ਹੈ
ਸ਼ਾਇਰੀ ਬਹੁਤ ਮਾਸੂਮ ਤੇ ਕਿਸੇ ਭੋਲੇ ਬਾਲਕ ਵਰਗੀ ਹੈ
ਸੱਚ ਨੂੰ ਸੱਚ, ਝੂਠ ਨੂੰ ਝੂਠ ਆਖਣ ਵਾਲੀ ਜੁਰਅਤ ਵਰਗੀ ਹੈ
ਸ਼ਾਇਰ ਦੀ ਕਲਮ ਮਾਂ ਦੇ ਅੰਮ੍ਰਿਤ ਸ਼ੀਰ ਵਰਗੀ ਹੈ
ਸ਼ਾਇਰੀ ਬਾਪ ਦੀ ਅਣਖ ਤੇ ਕਿਰਦਾਰ ਵਰਗੀ ਹੈ
ਸ਼ਾਇਰੀ ਕੁਦਰਤ ਦੇ ਬਖਸ਼ੇ ਇੱਕ ਵਰਦਾਨ ਵਰਗੀ ਹੈ
ਜਿਸ ਨੂੰ ਇਸਦਾ ਹੁਨਰ ਹੈ,
ਬਸ! ਉਸ ਨੇਕ ਇਨਸਾਨ ਵਰਗੀ ਹੈ।
ਸ਼ਾਇਰੀ ਕਿਸੇ ਦਰਵੇਸ਼ ਦੀ ਅਸੀਸ ਵਰਗੀ ਹੈ।

ਇੰਝ ਨਾ ਕਰਿਆ ਕਰ

ਇੰਨੀਆਂ ਕਸਮਾਂ ਨਾ ਖਾਇਆ ਕਰ
ਕਸਮਾਂ ਟੁੱਟ ਜਾਂਦੀਆਂ ਨੇ
ਇਹ ਦਿਲ ਬੜਾ ਸ਼ੈਤਾਨ ਹੈ,
ਠੱਗੀਆਂ ਧੋਖੇਬਾਜ਼ੀਆਂ ਹੋ ਜਾਂਦੀਆਂ ਨੇ
ਯਕੀਨ ਦਿਵਾਉਣ ਦੇ ਜਿਹੜੇ ਕਰਦੇ ਨੇ ਦਾਅਵੇ
ਉਹ ਕੱਖੋਂ ਹੌਲ਼ੇ ਵੀ ਹੋ ਜਾਂਦੇ ਨੇ
ਇੰਨੀਆਂ ਕਸਮਾਂ ਨਾ ਖਾਇਆ ਕਰ
ਕਸਮਾਂ ਟੁੱਟ ਜਾਂਦੀਆਂ ਨੇ
ਇੰਨਾ ਪਿਆਰ ਨਾ ਕਰਿਆ ਕਰ
ਨਜ਼ਰਾਂ ਲੱਗ ਜਾਂਦੀਆਂ ਨੇ।
ਜਜ਼ਬਾਤਾਂ ਨੂੰ ਰੱਖ ਕਾਬੂ 'ਚ
ਜ਼ਮਾਨੇ ਦੀਆਂ ਉਂਗਲਾਂ ਉੱਠਦੀਆਂ ਨੇ
ਕਿਸ ਕਿਸ ਨੂੰ ਉੱਤਰ ਦੇਵੇਂਗਾ
ਅਜਿਹੇ ਰਿਸ਼ਤਿਆਂ ਦੀਆਂ ਜ਼ੁਬਾਨਾਂ ਨਹੀਂ ਹੁੰਦੀਆਂ
ਚੁੱਪ ਤੇ ਖਾਮੋਸ਼ੀਆਂ ਵਿੱਚ ਰਿਹਾ ਕਰ
ਜ਼ਾਲਮਾਂ ਦੇ ਹੱਥੀਂ ਤਲਵਾਰਾਂ ਹੁੰਦੀਆਂ ਨੇ
ਇੰਨਾ ਪਿਆਰ ਨਾ ਕਰਿਆ ਕਰ
ਨਜ਼ਰਾਂ ਲੱਗ ਜਾਂਦੀਆਂ ਨੇ।

ਮੇਰਾ ਦੋਸਤ ਮੇਰਾ ਰੱਬ

ਬਹੁਤ ਨਿਕੰਮਾ, ਬਹੁਤ ਬੁਰਾ, ਹੋਵੇਗਾ ਉਹ ਲੋਕਾਂ ਲਈ
ਸੋਨਾ ਹੈ ਸੋਨਾ ਮੇਰਾ ਦੋਸਤ, ਮੇਰੇ ਲਈ
ਜਦ ਵੀ ਮੇਰਾ ਕੋਈ ਕੰਮ ਵਿਗੜਿਆ
ਉਸ ਵਿਗਾੜ ਨੂੰ ਸਵਾਰਿਆ ਉਸਨੇ,
ਮੇਰਾ ਦੋਸਤ ਮੇਰਾ ਰੱਬ ਹੈ ਮੇਰੇ ਲਈ
ਮੁਸ਼ਿਕਲਾਂ ਵਿੱਚ ਜਦ ਵੀ ਮੈਂ ਘਿਰਿਆ
ਹਾਜ਼ਰ-ਨਾਜ਼ਰ ਹੋਇਆ ਉਹ ਮੇਰੇ ਲਈ
ਇੱਕਲੇਪਨ ਤੋਂ ਜਦ ਮੈਂ ਘਬਰਾਇਆ
ਆਪਣੇ ਪਨ ਦਾ ਉਸ ਅਹਿਸਾਸ ਦਿਵਾਇਆ ਮੇਰੇ ਲਈ
ਉਦਾਸ ਹੋਇਆ ਕਦੇ, ਮੈਂ ਰੋਇਆ
ਹਾਸੇ ਖੁਸ਼ੀਆਂ ਦੇ ਥਾਲ ਲੈ ਆਇਆ ਉਹ ਮੇਰੇ ਲਈ
ਆਪਣਿਆਂ ਨੇ ਕਮਜ਼ੋਰ ਕੀਤਾ ਜਦੋਂ ਵੀ,
ਉਹ ਮੇਰਾ ਹੌਂਸਲਾ ਬਣਿਆ, ਮੇਰੇ ਲਈ
ਮੇਰਾ ਦੋਸਤ ਹੀ ਮੇਰਾ ਰੱਬ ਹੈ, ਮੇਰੇ ਲਈ।

ਚੈਨ ਨਹੀਂ ਅਉਂਦਾ

ਦਿਲ ਭਟਕਦਾ ਹੀ ਰਿਹਾ ਤੇਰੀ ਤਲਾਸ਼ 'ਚ
ਕਦੇ ਇੱਧਰ, ਕਦੇ ਉੱਧਰ
ਨਾ ਤੂੰ ਮਿਲਿਆ, ਨਾ ਚੈਨ ਆਇਆ,
ਪੱਤੇ ਵਾਂਗੂੰ ਮੈਂ ਉਡਦਾ ਰਿਹਾ
ਕਦੇ ਇੱਧਰ, ਕਦੇ ਉੱਧਰ
ਬਹੁਤ ਪੁੱਛੇ ਤੇਰੇ ਸਿਰਨਾਵੇਂ,
ਰਿਹਾਇਸ਼ ਬਦਲਦਾ ਰਿਹਾ ਮੈਂ
ਕਦੇ ਇੱਧਰ, ਕਦੇ ਉੱਧਰ
ਰੇਡੀਉ, ਅਖਬਾਰਾਂ ਵਿੱਚ ਤੇਰਾ ਜ਼ਿਕਰ ਕਰਦਾ ਰਿਹਾ
ਖਬਰੇ ਤੂੰ ਸੁਣਦਾ, ਪੜ੍ਹਦਾ ਹੋਵੇਂਗਾ
ਮੈਨੂੰ ਇੱਧਰ, ਉੱਧਰ।

ਮੈਂ ਡਰਦਾ ਹਾਂ

ਜ਼ਖਮ ਹਰਾ ਹੈ ਹਾਲੇ ਵੀ
ਉਹ ਸ਼ਖਸ ਮਿਲਦਾ ਹੈ ਮੈਨੂੰ ਅੱਜ ਵੀ
ਜਿਸ ਤੇ ਮੈਂ ਇਤਬਾਰ ਕੀਤਾ, ਉਹ ਹੱਸਦਾ ਹੈ
ਮੈਂ ਪੀੜਾਂ 'ਚ ਹਾਂ ਹਾਲੇ ਵੀ
ਬਹੁਤ ਸਾਲ ਗੁਜ਼ਰ ਗਏ ਇਸ ਹਾਦਸੇ ਨੂੰ
ਜਿਵੇਂ ਕੱਲ੍ਹ ਦਾ ਹੀ ਵਾਕਿਆ ਹੈ,
ਮੈਂ ਸੋਚਦਾ ਹਾਂ ਹਾਲੇ ਵੀ
ਖੌਫ਼ਨਾਕ ਲਗਦੀ ਹੈ ਜ਼ਿੰਦਗੀ
ਇਹ ਕਿਹੋ ਜਹੀ ਹੈ ਜ਼ਿੰਦਗੀ?
ਹਰ ਆਦਮੀ ਤੋਂ ਡਰ ਲੱਗਦਾ ਹੈ
ਮੈਨੂੰ ਹਾਲੇ ਵੀ
ਭਲੇ ਚਿਹਰਿਆਂ ਨੇ ਹੱਥ ਵਧਾਏ ਪਹਿਚਾਣ ਲਈ
ਦੁਸ਼ਮਨ ਦਾ ਭੁਲੇਖਾ
ਮੈਨੂੰ ਪੈਂਦਾ ਹੈ ਹਾਲੇ ਵੀ।

ਸ਼ਿਵ ਦਾ ਵਰਦਾਨ

ਮਾਰੂਥਲ ਹੀ ਮਾਰੂਥਲ ਉਹ ਮੰਗਦਾ ਸੀ, ਮੇਰੇ ਲਈ
ਹੈਰਾਨ ਕਰ ਆਇਆ ਹਾਂ,
ਹਰ ਥਾਂ ਗੁਲਜ਼ਾਰ ਕਰ ਆਇਆ ਹਾਂ
ਜੋ ਬੁਰਾ ਸੋਚਦਾ ਸੀ ਮੇਰੇ ਲਈ
ਹਨੇਰਿਆ ਨੇ ਡਰਾਇਆ ਬਹੁਤ
ਜੁਗਨੂੰਆਂ ਨੇ ਕਾਫਿਲਾ ਬਣਾਇਆ ਮੇਰੇ ਲਈ
ਲਹੂ ਸੀਨੇ 'ਚ ਬਰਫ ਨਾ ਬਣ ਜਾਵੇ
ਮੰਜ਼ਿਲ ਦੀ ਚਾਹਤ ਬਣੀ ਗਰਮਾਇਸ਼ ਮੇਰੇ ਲਈ
ਰਸਤੇ ਨੂੰ ਘੇਰਿਆ ਸੱਪਾਂ ਨੇ ਬਹੁਤ
ਕੋਈ ਚੰਗਾ ਕ੍ਰਮ ਬਣਿਆ ਸ਼ਿਵ ਦਾ ਵਰਦਾਨ ਮੇਰੇ ਲਈ
ਫਿਰ ਮੈਂ ਕਿਵੇਂ ਡੋਲ ਜਾਂਦਾ, ਘਬਰਾ ਜਾਂਦਾ
ਪਰਬਤ ਪਿਘਲਦਾ ਰਿਹਾ, ਰਸਤਾ ਬਣਦਾ ਰਿਹਾ
ਰੇਤ ਚ ਫੁੱਲ ਉੱਗਦਾ ਰਿਹਾ ਮੇਰੇ ਲਈ
ਹੈਰਾਨ ਕਰ ਆਇਆ ਹਾਂ ਮੈਂ , ਉਸਨੂੰ
ਜੋ ਗਲਤ ਸੋਚਦਾ ਸੀ ਮੇਰੇ ਲਈ।

ਜ਼ਰਾ ਸੋਚ ਕੇ ਦੱਸੀਂ

ਤੇਰੇ ਤੇ ਉਹਦੇ ਵਿੱਚ ਦੱਸ ਕੀ ਫਰਕ ਰਿਹਾ?
ਉਹਦੇ ਹੱਥ ਪੱਥਰ ਤੇਰੇ ਹੱਥ ਤਲਵਾਰ
ਬਦ-ਤਮੀਜ਼ ਤੇ ਅਕਲਮੰਦ ਦੱਸ ਕੌਣ ਰਿਹਾ?
ਰੌਲਾ ਪਾਉਣ ਵਾਲਾ ਹੀ ਲੁੱਟੀ ਜਾ ਰਿਹਾ
ਕੋਈ ਜਾਣਬੁੱਝ ਕੇ ਆਪਾ ਲੁਟਾ ਰਿਹਾ
ਚੋਰ ਤੇ ਅਣਭੋਲ ਵਿੱਚ ਦੱਸ ਕੀ ਫਰਕ ਰਿਹਾ
ਧਰਮ ਦਾ ਪ੍ਰਚਾਰ ਕੋਈ ਤਮਾਸ਼ੇ ਵਾਂਗੂੰ ਕਰ ਰਿਹਾ
ਕੋਈ ਦੇ ਕੇ ਜ਼ੰਨਤਾਂ ਦੇ ਹੋਕੇ ,
ਬੰਦੇ ਕੋਲੋਂ ਬੰਦਾ ਕਤਲ ਕਰਵਾ ਰਿਹਾ
ਸ਼ੈਤਾਨ ਤੇ ਇਨਸਾਨ ਵਿੱਚ ਦੱਸ ਕੀ ਫਰਕ ਰਿਹਾ।
ਕੋਈ ਪੈਸੇ ਦੀ ਗਰੂਰੀ ਵਿਖਾ ਰਿਹਾ
ਕੋਈ ਨਫਰਤ ਦੀ ਜ਼ਹਿਰ ਪੀ ਰਿਹਾ
ਕੋਈ ਆਪਣਾ ਜ਼ਮੀਰ ਵੇਚ ਕੇ
ਸਿਰ ਫਿਰਿਆਂ ਦੀ ਤਾਨਾਸ਼ਾਹੀ ਸਹਿ ਰਿਹਾ
ਦੱਸ ਅਣਖ ਤੇ ਕਮੀਨਗੀ ਵਿੱਚ ਕੀ ਫਰਕ ਰਿਹਾ
ਤੇਰੇ ਤੇ ਉਹਦੇ ਵਿੱਚ ਕੀ ਫਰਕ ਰਿਹਾ
ਬਦ-ਤਮੀਜ਼ ਤੇ ਅਕਲਮੰਦ ਦੱਸ ਕੌਣ ਰਿਹਾ।

ਮੈਨੂੰ ਸਜ਼ਾ ਦਿਉ

ਮੈਂ ਆਪਣੇ ਬਾਰੇ ਸੋਚਦਾ ਹਾਂ
ਤਾਂ ਸ਼ਰਮਿੰਦਾਂ ਹੁੰਦਾ ਹਾਂ
ਆਪਣੇ ਹੀ ਜੁਰਮਾਂ ਤੋਂ ਡਰਕੇ
ਮੈਂ ਆਪੇ ਤੋਂ ਲੁਕਦਾ ਹਾਂ
ਮੈਂ ਕਾਤਲ ਹਾਂ, ਮੁਜਰਿਮ ਹਾਂ, ਮੈਨੂੰ ਸਜ਼ਾ ਦਿਉ
ਤੁਹਾਡੀ ਜਾਨ ਨੂੰ ਮੈਂ ਸਸਤੀ,
ਤੇ ਆਪਣੇ ਬੱਚੇ ਤੋਂ ਮੈਂ ਜਹਾਨ ਵਾਰਦਾ ਹਾਂ
ਮੈਂ ਆਪਣੇ ਬਾਰੇ ਜਦ ਵੀ ਸੋਚਦਾ ਹਾਂ
ਸ਼ਰਮਿੰਦਾ ਹੁੰਦਾ ਹਾਂ।
ਮੈਂ ਆਪਣੇ ਮਹਿਲ ਨੂੰ ਵਾਂਗੂੰ ਕਵਚ ਉਸਾਰਦਾ ਹਾਂ
ਪਰਿਵਾਰ ਦੇ ਸਭ ਜੀਆਂ ਨੂੰ ਸੁੱਖ ਸਹੂਲਤ ਬਖਸ਼ਦਾ ਹਾਂ
ਗਰੀਬ ਦੀ ਝੌਂਪੜੀ ਸਾੜ ਕੇ
ਮੈਂ ਆਪਣੇ ਘਰ ਨੂੰ ਰੌਸ਼ਨ ਕਰਦਾ ਹਾਂ
ਮੈਂ ਜਦ ਵੀ ਆਪਣੇ ਬਾਰੇ ਸੋਚਦਾ ਹਾਂ
ਤਾਂ ਸ਼ਰਮਿੰਦਾ ਹੁੰਦਾਂ ਹਾਂ।
ਮੈਂ ਰੱਖੜੀ ਦਾ ਤਿਉਹਾਰ ਮਨਾਉਂਦਾ ਹਾਂ

ਤੋਹਫੇ ਵਿੱਚ ਲਿਬਾਸ ਤੇ ਸਿਰ ਦਾ ਦੁੱਪਟਾ ਦਿੰਦਾ ਹਾਂ
ਖੁਸ਼ ਰਹਿਣ ਦੀ ਅਸੀਸ ਦਿੰਦਾ ਹਾਂ
ਮੈਂ ਸੜਕ ਤੇ ਜਾਂਦੀ ਹਰ ਔਰਤ ਨੂੰ ਨੰਗੀ ਵੇਖਦਾ ਹਾਂ
ਆਪਣੀ ਹਵਸ ਦੀ ਖਾਤਿਰ
ਤੜਪਾ ਕੇ ਹਲਾਲ ਕਰਦਾ ਹਾਂ
ਮੈਂ ਜਦ ਵੀ ਆਪਣੇ ਬਾਰੇ ਸੋਚਦਾ ਹਾਂ
ਤਾਂ ਸ਼ਰਮਿੰਦਾ ਹੁੰਦਾ ਹਾਂ।
ਮੈਂ ਕਾਤਲ ਹਾਂ, ਮੁਜਿਰਮ ਹਾਂ ਮੈਨੂੰ ਸਜ਼ਾ ਦਿਉ
ਮੈਂ ਆਪਣੇ ਪਰਿਵਾਰ ਤੋਂ ਜਹਾਨ ਵਾਰਦਾ
ਤੇ ਤੁਹਾਨੂੰ ਸਸਤਾ ਵੇਚਦਾ ਹਾਂ।

ਤੇਰੀ ਦੀਦ ਦਾ ਨਸ਼ਾ

ਮੈਂ ਜਦ ਖ਼ੁਦ ਨੂੰ ਸਜਾਇਆ
ਇੱਕ ਜੇਵਰ ਦੀ ਤਰ੍ਹਾਂ
ਪਹਿਲਾਂ ਹੱਸਿਆ, ਫਿਰ ਰੋਇਆ,
ਮੇਰਾ ਸ਼ੀਸ਼ਾ ਇੱਕ ਬੱਚੇ ਦੀ ਤਰ੍ਹਾਂ
ਤਪੱਸਿਆ ਦੀ ਤਰ੍ਹਾਂ ਸਨ ਦਿਨ ਮੇਰੇ,
ਤੇ ਜੋਗਣ ਰਾਤਾਂ
ਉਸ ਦਾ ਪੈਗ਼ਾਮ ਆਇਆ
ਖਤ ਪੜ੍ਹਿਆ ਤੇ ਛੁਪਾਇਆ
ਮੈਂ ਕਿਸੇ ਚੋਰ ਦੀ ਤਰ੍ਹਾਂ
ਉਹ ਆਇਆ, ਮੁਸਕਰਾਇਆ ਦਹਿਲੀਜ਼ ਮੇਰੀ 'ਤੇ
ਮੁੱਦਤ ਤੋਂ ਨਜ਼ਰ ਪਿਆਸੀ ਸੀ
ਮੈਂ ਡੁੱਬ ਗਈ ਵਿੱਚ ਕਿਸੇ ਸਮੁੰਦਰ ਦੀ ਤਰ੍ਹਾਂ
ਅੱਖੀਆਂ 'ਚੋਂ ਮੋਤੀ ਕਿਰਦੇ ਰਹੇ
ਉਹ ਹਾਰ ਪਰੋਂਦਾ ਰਿਹਾ
ਕਿਸੇ ਮਾਲੀ ਦੀ ਤਰ੍ਹਾਂ
ਮੈ ਜਦ ਖ਼ੁਦ ਨੂੰ ਸਜਾਇਆ
ਇੱਕ ਜੇਵਰ ਦੀ ਤਰ੍ਹਾਂ
ਮੇਰਾ ਸ਼ੀਸ਼ਾ ਹੱਸਿਆ, ਫਿਰ ਰੋਇਆ,
ਇਕ ਬੱਚੇ ਦੀ ਤਰ੍ਹਾਂ।

ਮੈਂ ਸਫਰ ਵਿੱਚ ਰਿਹਾ

ਨੀਂਦਰ ਵਿੱਚ ਵੀ ਮੈਂ ਸਫਰ ਤੇ ਰਿਹਾ
ਸੁਪਨਿਆ ਵਿੱਚ ਵੀ ਮੈਂ ਤੁਰਦਾ ਰਿਹਾ
ਕਦੇ ਮੁੱਹਬਤ ਦੀਆ ਗਲੀਆਂ 'ਚੋਂ ਗੁਜ਼ਰਦਾ
ਕਦੇ ਨਫਰਤਾਂ, ਤਲਖ਼ੀਆਂ ਦੀ ਜੰਗ ਕਰਦਾ ਰਿਹਾ
ਨਹੀਂ ਪਤਾ ਕਿਸੇ ਨੂੰ
ਮੇਰੀਆਂ ਸੋਚਾਂ 'ਚ ਕੀ ਹੈ ਚੱਲ ਰਿਹਾ
ਮੈਂ ਹਰ ਵਕਤ ਸਫਰ ਵਿੱਚ ਹੀ ਰਿਹਾ
ਮੈਂ ਆਮ ਇਨਸਾਨ ਦੀ ਤਰ੍ਹਾਂ ਹਾਂ
ਇਨਸਾਨ ਨੂੰ ਇਨਸਾਨ ਦੀ ਤਰ੍ਹਾਂ ਮਿਲਦਾ ਹਾਂ
ਨਹੀਂ ਪਤਾ ਕਿਸੇ ਨੂੰ
ਮੇਰੀਆ ਸੋਚਾਂ 'ਚ ਕੀ ਹੈ ਚਲ ਰਿਹਾ
ਮੈ ਲਫਜ਼ਾਂ ਦਾ ਜਾਲ ਬੁਣਦਾ ਹਾਂ
ਭੋਲੇ ਭਾਲੇ ਪੰਛੀਆਂ ਨੂੰ ਸੱਦ ਬਨੇਰੇ 'ਤੇ
ਪਰ ਕਤਰਦਾ ਹਾਂ
ਮੈਂ ਨੇਕ ਇਨਸਾਨ ਹਾਂ
ਪਰ ਨਹੀਂ ਪਤਾ ਕਿਸੇ ਨੂੰ
ਮੈਂ ਕਿਸ ਤਰ੍ਹਾਂ ਹਲਾਲ ਕਰਦਾ ਹਾਂ
ਨਹੀਂ ਪਤਾ ਕਿਸੇ ਨੂੰ,
ਮੇਰੀਆ ਸੋਚਾਂ ਚ ਕੀ ਹੈ ਚਲ ਰਿਹਾ
ਨੀਂਦਰ ਵਿੱਚ ਵੀ ਮੈਂ ਸਫਰ 'ਚ ਰਿਹਾ
ਮੈਂ ਹਰ ਵਕਤ ਤੁਰਦਾ ਹੀ ਰਿਹਾ।

ਜਿਵੇਂ ਘੂਰਦਾ ਹੋਵੇ ਕੋਈ

ਇਲਜ਼ਾਮ ਦੇਣ ਦੇ ਲੱਭਾਂ ਨਿੱਤ ਬਹਾਨੇ ਕੋਈ
ਐ ਦੁਨੀਆਂ ਵਾਲਿਓ, ਤੁਸੀ ਬੇ-ਹੁਨਰ, ਬੇ-ਅਦਾ, ਬੇ-ਸਮਝ
ਖਾਹ-ਮ-ਖਾਹ ਵਰਗੀ ਹੋਵੇ ਚੀਜ਼ ਕੋਈ
ਕਸਾਂ ਮੈਂ ਰੋਜ਼ ਫਿਕਰੇ, ਜਿਵੇ ਘੂਰਦਾ ਹੋਵੇ ਮੈਨੂੰ ਕੋਈ
ਨਾ ਸੁਰ , ਨਾ ਸੰਗੀਤ, ਨਾ ਘੜੀ ਗਈ, ਚੱਜ ਦੀ ਮੈਥੋ ਬਾਂਸਰੀ ਕੋਈ
ਇਹ ਦੁਨੀਆਂ ਰੰਗ ਮੰਚ ਹੈ, ਮੇਰੀ ਹੋਲੀ ਦਾ ਲੈ ਗਿਆ ਰੰਗ ਕੋਈ
ਉਹ ਐਸਾ ਜ਼ਖਮੀ ਕਰ ਗਿਆ, ਜ਼ਿੰਦਗੀ ਫਿਰ ਰਾਸ ਨਾ ਆਈ
ਲੱਗਦਾ ਜਿਵੇ ਘੂਰਦਾ ਹੋਵੇ ਮੈਨੂੰ ਕੋਈ
ਬਦਲਦਾ ਹੈ ਸੁਭਾਅ, ਨੈਣ-ਨਕਸ਼ ਰੋਜ਼ ਮੇਰੇ
ਆਪਣੇ ਹੀ ਸ਼ੀਸ਼ੇ ਵਿੱਚ ਦੇਖਾਂ ਕਦੇ ਕੋਈ ਤੇ ਕਦੇ ਕੋਈ
ਉਲਝ ਜਾਵਾਂ ਜਦ ਮੈਂ ਆਪਣੀਆਂ ਹੀ ਤੰਦਾਂ ਵਿੱਚ
ਤੜਫਾਂ ਕਦੇ ਸਕੂਨ ਪਾਵਾ, ਜਦ ਖੋਲ੍ਹਾਂ ਗੰਢ ਕੋਈ
ਜਿਸਮ ਸ਼ਿੰਗਾਰਾਂ ਜਿਵੇ ਤਾਜ ਮਹਿਲ ਕੋਈ
ਖ਼ਬਰ ਨਹੀ ਕਿਸੇ ਨੂੰ
ਦਿਲ ਦੀ ਕਬਰ 'ਚ ਦਫਨ ਹੈ ਜ਼ਜਬਾ ਕੋਈ
ਨਾ ਹਮ ਖਿਆਲ ਨਾ ਹਮ ਸਫਰ ਮਿਲਿਆ
ਭਰ ਜਾਵੇ ਜਿਹੜਾ ਜ਼ਿੰਦਗੀ ਦਾ ਊਣਾਪਨ ਕੋਈ
ਖੁਦ ਨੂੰ ਬੇਹਤਰ ਕਰਨ ਦਾ ਹੁਨਰ ਨਾ ਆਇਆ
ਕਸਾਂ ਰੋਜ਼ ਫ਼ਿਕਰੇ ਜ਼ਮਾਨੇ 'ਤੇ ਕਦੇ ਕੋਈ, ਕਦੇ ਕੋਈ।

ਅੱਜ ਦੀ ਸੋਚ

ਅੱਜ ਦੀ ਤਾਰੀਖ ਵਿੱਚ
ਬੀਤੇ ਕਲ੍ਹ ਨੂੰ ਨਾ ਦੋਹਰਾਇਆ ਕਰ
ਨਵਾਂ ਜ਼ਮਾਨਾ ਹੈ, ਸੋਚ ਜਵਾਨ ਰੱਖਿਆ ਕਰ
ਤੂੰ ਪੱਥਰ ਯੁੱਗ ਦਾ ਕੀ ਕੋਈ ਤਰਾਸ਼ਕਾਰ ਹੈਂ?
ਪੱਥਰਾਂ ਦੇ ਗੀਤ ਨਾ ਗਾਇਆ ਕਰ
ਨਵਾਂ ਜ਼ਮਾਨਾ ਹੈ, ਸੋਚ ਨਵੀਂ ਰੱਖਿਆ ਕਰ
ਲਾਹ ਦੇ ਝੁਲਸੇ ਸਮੇਂ ਦੀਆਂ ਲੀਰਾਂ ਤਨ ਤੋਂ, ਲਾਹ ਦੇ
ਨਵੀਂ ਪੌਸ਼ਾਕ ਪਾਇਆ ਕਰ
ਉਸਾਰੂ ਸੋਚਾਂ ਦੀਆਂ ਭਰ ਭਰ ਰੇਲ ਗੱਡੀਆਂ
ਉਸਾਰੂ ਸਟੇਸ਼ਨਾਂ ਤੇ ਲਾਹਿਆ ਕਰ
ਸਮੇਂ ਦਾ ਸੁਭਾਅ ਤੇ ਮਹੌਲ ਜਾਣਕੇ
ਉਵੇਂ ਦੀ ਗਲਬਾਤ ਤੇ ਸੁਝਾਅ ਦਿਆ ਕਰ
ਅੱਜ ਦੀ ਤਾਰੀਖ ਵਿੱਚ
ਬੀਤੇ ਕਲ੍ਹ ਨੂੰ ਨਾ ਦੋਹਰਾਇਆ ਕਰ
ਨਵਾਂ ਜ਼ਮਾਨਾ ਹੈ ਸੋਚ ਜਵਾਨ ਰੱਖਿਆ ਕਰ।

ਮਾਂ

ਹਰ ਥਾਂ ਤੇ ਜੋ ਸਜਦਾ ਕਰਦੀ ਹੈ
ਹਰ ਵਕਤ ਦੁਆਵਾਂ ਮੰਗਦੀ ਹੈ
ਜਿਹੜੀ ਫਿਰਕੀ ਦੀ ਤਰ੍ਹਾਂ ਦਿਨ ਰਾਤ ਘੁੰਮਦੀ ਹੈ
ਮਾਰ ਕੇ ਹਰ ਸੱਧਰ ਆਪਣੀ, ਸਾਡੇ ਚਾਅ ਪੂਰਦੀ ਹੈ
ਉਹ ਸਿਰਫ ਤੇ ਸਿਰਫ ਮਾਂ ਹੁੰਦੀ ਹੈ।
ਸੁਪਨੇ ਬੁਣਦੀਆਂ ਮਾਂ ਦੀਆਂ ਅੱਖਾਂ ਦੀ ਕਹਾਣੀ
ਕਦੇ ਸੱਦੀਆਂ-ਅਣਸੱਦੀਆਂ ਖੁਸ਼ੀਆਂ ਗਮੀਆਂ ਦੀ ਕਹਾਣੀ
ਉਹਦੀ ਕੁਮਲਾ ਚੁੱਕੀ ਕਾਇਆ ਨੂੰ ਸੁਣਾਵਾਂ
ਮੈਂ ਅੱਜ ਉਸਨੂੰ ਉਸਦੀ ਕਹਾਣੀ
ਏ ਮਾਂ
ਤੂੰ ਸੁਣ ਰਹੀ ਹੈ ਨਾ
ਤੇਰੀ ਉਂਗਲ ਦੀ ਪਕੜ ਤੱਕ ਪੁੰਹਚਣ ਲਈ
ਮੇਰਾ ਹੱਥ ਬਹੁਤ ਛੋਟਾ ਸੀ,
ਜ਼ਮੀਨ ਦੀਆਂ ਟੇਢੀਆਂ ਮੇਢੀਆਂ ਲਕੀਰਾਂ ਤੇ
ਮੈਂ ਆਪਣੇ ਛੋਟੇ ਛੋਟੇ ਪੈਰ ਟਿਕਾਏ
ਘੁੱਪ ਹਨੇਰੇ ਰਸਤਿਆਂ ਵਿੱਚ ਵੀ
ਤੇਰੇ ਪ੍ਰਛਾਵੇਂ ਦੇ ਆਸਰੇ ਰਹੇ

ਤੇਰੇ ਹੁੰਦਿਆਂ ਮੈਨੂੰ ਕਦੇ ਡਰ ਨਹੀਂ ਲੱਗਿਆ ਸੀ
ਕਿਉਂਕਿ
ਤੂੰ ਇਸ ਜ਼ਿੰਦਗੀ ਦੇ ਨਗਰ ਤੋਂ ਖੂਬ ਵਾਕਿਫ ਸੀ
ਤੇ ਮੈਨੂੰ ਇਸ ਦੀ ਵਾਕਫੀਅਤ ਕਰਵਾਉਂਦੀ ਸੀ
ਆਪਣੀ ਚੁੰਨੀ ਦੇ ਲੜ ਬੰਨ੍ਹ ਕੇ ਚੰਨ ਦਾ ਟੋਟਾ
ਤੂੰ ਮੇਰੇ ਲਈ ਹੀ ਘੁੰਮਦੀ ਸੀ
ਤਾਂ ਕਿ ਮੈਂ ਆਪਣੇ ਰਾਹਾਂ ਨੂੰ ਜਾਣ ਸਕਾਂ, ਦੇਖ ਸਕਾਂ
ਏ ਮਾਂ
ਤੂੰ ਸੁਣ ਰਹੀ ਹੈ ਨਾ
'ਚੋਚੀ' ਤੋਂ ਰੋਟੀ ਕਹਿਣਾ ਮੈਨੂੰ ਤੂੰ ਸਿਖਾਇਆ
ਬਾਰਿਸ਼, ਤੂਫਾਨ, ਬਿਜਲੀ ਦੀ ਆਵਾਜ਼ ਤੋਂ
ਮੈਨੂੰ ਜਦ ਡਰ ਲਗਦਾ ਸੀ
ਤੂੰ ਮੈਨੂੰ ਆਪਣੀਆਂ ਬਾਂਹਾਂ ਦੇ ਰੱਥ ਵਿੱਚ ਬਿਠਾ
ਲੋਰੀ ਨੂੰ ਗਾਇਆ
ਮੇਰੀਆਂ ਨਿੱਕੀਆਂ ਨਿੱਕੀਆਂ ਸੋਚਾਂ ਦੇ ਘੋੜੇ ਨੂੰ ਅੰਬਰਾਂ ਤੱਕ ਦੌੜਾਇਆ
ਮੈਥੋਂ ਮਿਰਚਾਂ ਨੂੰ ਵਾਰਿਆ, ਨਜ਼ਰਾਂ ਤੋਂ ਬਚਾਇਆ
ਬਣਕੇ ਖੁਦਾ ਮੇਰਾ, ਮੈਨੂੰ ਬੰਦਗੀ ਕਰਨਾ ਸਿਖਾਇਆ
ਸੋਚਾਂ ਨੂੰ ਤੌਫੀਕ ਦਿੱਤੀ, ਹਰ ਗੱਲ ਦਾ ਅੰਦਾਜ਼ ਸਿਖਾਇਆ
ਜ਼ਿੰਦਗੀ ਦੀ ਕਿਤਾਬ ਪੜ੍ਹ ਸਕਾਂ, ਮਦੱਰਸੇ ਦਾ ਰਸਤਾ ਵਿਖਾਇਆ

ਏ ਮਾਂ
ਤੂੰ ਸੁਣ ਰਹੀ ਹੈ ਨਾ
ਅੱਜ ਤੇਰੇ ਸੁਪਨੇ ਜਵਾਨ ਹੋ ਗਏ ਨੇ
ਤੇ ਤੇਰੇ ਵਾਲਾਂ ਵਿੱਚ ਚਾਂਦੀ ਆ ਗਈ ਹੈ
ਧੁੰਧਲੀ ਧੁੰਧਲੀ ਨਜ਼ਰ, ਹੱਥਾਂ ਦੀ ਕੰਬਣੀ, ਝੁਕੀ ਕਮਰ
ਤੇਰੇ ਚਿਹਰੇ ਦੀ ਰੌਣਕ ਝੁਰੜੀ ਬਣ ਗਈ ਹੈ
ਮਾਂ ਤੂੰ ਕਿੰਨਾ ਥੱਕ ਗਈ ਹੈ
ਆਪਣੇ ਜਿਸਮ ਨੂੰ ਫਿਕਰਾਂ ਦੇ ਟਾਂਕਿਆਂ ਨਾਲ ਪਰੋ ਪਰੋ ਕੇ
ਤੂੰ ਕਿੰਨਾ ਥੱਕ ਗਈ ਹੈਂ
ਏ ਮਾਂ
ਤੂੰ ਸੁਣ ਰਹੀ ਹੈ ਨਾ
ਮੇਰਾ ਤੇਰੇ ਪਿਆਰ, ਮੋਹ, ਤ੍ਰਿਪਤਾ ਭਰੇ ਜੀਵਨ ਅੱਗੇ ਸਿਰ ਝੁਕਦਾ ਹੈ
ਤੇਰੀ ਹਰ ਕੁਰਬਾਨੀ ਪੂਜਣਯੋਗ ਹੈ
ਮਾਂ! ਤੂੰ ਬਸ ਮਾਂ ਵਰਗੀ ਹੈਂ।

ਆਤਮਾ ਸਭ ਜਾਣਦੀ ਹੈ

ਆਤਮਾ ਤੇ ਕਾਇਆ ਦਾ ਇੱਕ ਐਸਾ ਸਫਰ ਹੈ
ਜੋ ਦੋਹਾਂ ਨੇ ਯੁੱਗਾਂ ਯੁੱਗਾਂ ਤੋਂ ਵੱਸਦੇ ਆ ਰਹੇ
ਚੰਦ ਸੂਰਜ ਤੇ ਤਾਰਿਆਂ ਨਾਲ ਸਫਰ ਕੀਤਾ
ਇਹ ਸੱਤ ਯੁੱਗ, ਤ੍ਰੇਤਾ ਯੁੱਗ ਤੇ ਦੁਆਪਰ ਵਿੱਚ ਵੀ ਸੀ
ਤੇ ਅੱਜ ਕੱਲਯੁੱਗ ਵਿੱਚ ਵੀ ਹੈ।
ਜਿਸ ਦਾ ਸਫਰ ਸੂਰਜ ਦੀਆ ਕਿਰਨਾਂ ਨਾਲ ਸ਼ੁਰੂ ਹੁੰਦਾ ਹੈ
ਤੇ ਚੰਦ ਦੀਆਂ ਬਾਹਾਂ 'ਚ ਖਤਮ ਹੋ ਜਾਂਦਾ ਹੈ
ਆਤਮਾ ਨੂੰ ਇਸ ਧਰਤ ਦੀ ਪਹਿਚਾਣ ਹੈ
ਤੇ ਆਪਣੇ ਪੰਨਿਆਂ 'ਤੇ ਲਿਖਿਆ ਇਸ ਨੇ
ਯੁੱਗਾਂ ਯੁੱਗਾਂ ਦਾ ਇਤਹਾਸ ਹੈ
ਪਰ ਇਹ ਕਾਇਆ
ਆਤਮਾ ਦੀ ਸਖਤ ਦੁਸ਼ਮਣ ਹੈ
ਇਹ ਨਵੇਂ ਨਵੇਂ ਬਸਤਰ ਪਹਿਨ ਕੇ
ਆਪਣੀ ਹੀ ਰੌਸ਼ਨੀ 'ਚ ਗੁੰਮ ਹੋ ਜਾਂਦੀ ਹੈ
ਤੇ ਆਪਣੀ ਯਾਦਦਾਸ਼ਤ ਭੁੱਲ ਜਾਂਦੀ ਹੈ
ਆਤਮਾ ਇਸ ਨੂੰ ਪਕੜ ਕੇ
ਇਸਦੇ ਘਰ ਵੱਲ ਲੈ ਕੇ ਜਾਂਦੀ ਹੈ
ਇਸ ਨੂੰ ਹਰ ਜਨਮ ਵਿੱਚ
ਇਸ ਦੀ ਹੋਂਦ ਯਾਦ ਕਰਵਾਉਂਦੀ ਹੈ
ਮੇਰੀ ਕਾਇਆ ਲਾਪਰਵਾਹ ਹੈ
ਉਹ ਕੁੱਝ ਯਾਦ ਹੀ ਨਹੀਂ ਕਰਨਾ ਚਾਹੁੰਦੀ
ਇਸੇ ਦੋਸ਼ ਕਾਰਨ ਫਿਰ ਜਨਮ ਜਨਮ ਭਟਕਦੀ ਹੈ
ਯੁੱਗਾਂ ਯੁੱਗਾਂ ਦਾ ਸਫਰ ਕਰਦੀ ਹੈ।

ਮੈਂ ਤੇਰਾ ਭਲਾ ਨਹੀਂ ਚਾਹੁੰਦਾ

ਮੈਂ ਖ਼ੁਦ ਨਾਲ ਝੂਠ ਬੋਲਦਾ ਹਾਂ
ਤੈਨੂੰ ਗਲਤ ਬਿਆਨ, ਖ਼ੁਦ ਨੂੰ ਮਹਾਨ ਦੱਸਦਾ ਹਾਂ
ਮੈਂ ਸੱਚ ਬੋਲ ਕੇ ਵੀ ਮੁੱਕਰ ਜਾਂਦਾ ਹਾਂ
ਤੇਰਾ ਝੂਠ ਬੋਲਣਾ ਤੇ ਝੂਠ ਤੇ ਅੜ ਜਾਣਾ
ਐਸੀ ਜੁਅਰਤ ਨੂੰ ਸਜ਼ਾ ਕਰਾਰ ਕਰਦਾ ਹਾਂ
ਫਰੇਬੀ ਦਾ ਜਨੂੰਨ ਇੰਨਾ, ਕਿ ਮੈਂ ਹੱਦ ਕਰਦਾ ਹਾਂ
ਭੱਦਰ ਪੁਰਸ਼ ਦਾ ਢੌਂਗ ਕਰਕੇ, ਕ੍ਰਮ ਹੈਵਾਨ ਵਾਲਾ ਕਰਦਾ ਹਾਂ
ਖ਼ੁਦ ਨੂੰ ਮਹਾਂਪੁਰਸ਼ ਦੱਸਦਾ ਹਾਂ,
ਤੇਰੇ ਮਾਹੌਲ ਦੀ ਬਰਬਾਦੀ ਚਾਹੁੰਦਾ ਹਾਂ
ਜ਼ਿੰਦਗੀ ਨਾਲ ਪਿਆਰ ਇੰਨਾ ਕੇ
ਇਸ ਦੀ ਹਿਫ਼ਾਜਤ ਕਰਦਾ ਹਾਂ
ਦੂਜਿਆਂ ਦੇ ਲਹੂ ਨਾਲ ਮੈਂ ਨੇਜੇ ਰੰਗਦਾ ਹਾਂ
ਧੱਕ ਧੱਕ ਧੜਕਦਾ ਤੇ ਡੁੱਬਦਾ ਰਹਿੰਦਾ ਹੈ ਦਿਲ ਮੇਰਾ
ਮੈਂ ਕਿਸੇ ਦੇ ਮੋਢਿਆਂ ਤੇ ਬੰਦੂਕ ਰੱਖਦਾ ਹਾਂ
ਮੈਂ ਖੁਦ ਨਾਲ ਝੂਠ ਬੋਲਦਾ ਹਾਂ
ਤੈਨੂੰ ਗਲਤ ਬਿਆਨ, ਖ਼ੁਦ ਨੂੰ ਮਹਾਨ ਦੱਸਦਾ ਹਾਂ।

ਸ਼ਰਧਾਂਜਲੀ

(ਪੰਜਾਬ ਦੀ ਕੋਇਲ ਸੁਰਿੰਦਰ ਕੌਰ ਜੀ ਨੂੰ)

ਤੂੰ ਐਸੀ ਸੀ ਜਿਵੇ ਕਿਸੇ ਤਪੱਸਵੀ ਦੀ ਸਫਲ ਤਪੱਸਿਆ
ਦਿਲਾਂ ਦੇ ਦਰਦਾਂ ਨੂੰ ਚੁਗਦੀ, ਹਾਸੇ ਪਿਆਰ ਵੰਡਦੀ
ਆਪਣੇ ਗੀਤਾਂ ਵਿੱਚ ਦੀਦਾਰ ਰੱਬ ਦਾ ਕਰਾਉਂਦੀ
ਬਾਗਾਂ ਦੀਆ ਕੋਇਲਾਂ ਸੰਗ ਕਿੱਕਲੀ ਪਾਉਂਦੀ
ਤੂੰ ਐਸੀ ਸੀ, ਤੂੰ ਐਸੀ ਸੀ
ਹਿੰਦ ਪਾਕ ਦੀ ਜਾਨ ਸੀ
ਗਿੱਧਿਆ, ਵਿਆਹਾਵਾਂ ਦੀ ਸ਼ਾਨ ਸੀ ਤੂੰ
ਵੀਰ, ਭੈਣਾਂ ਦਾ ਪਿਆਰ ਸੀ ਤੂੰ
ਬਾਬਲ ਦੀ ਪਗੜੀ ਤੇ ਚੀਸ ਮਾਂ ਦੀ ਸੀ ਤੂੰ
ਜਵਾਨ ਦਿਲਾਂ ਦੀ ਧੜਕਣ ਸੀ
ਘੁੰਢ ਵਿੱਚ ਸਿਮਟਦੀ ਮਾਹੀ ਦੀ ਜਾਨ ਸੀ ਤੂੰ
ਨਨਾਣ, ਭਰਜਾਈ ਦਾ ਚਾਅ ਸੀ ਤੂੰ
ਦਿਉਰ, ਭਰਜਾਈ ਦੀ ਸ਼ਰਾਰਤ ਸੀ ਤੂੰ
ਸੱਸ ਦੀ ਝਿੜਕ ਸਤਿਕਾਰ ਭਰੀ ਚੁੱਪ ਸੀ ਤੂੰ
ਤੂੰ ਐਸੀ ਸੀ, ਤੂੰ ਐਸੀ ਸੀ
ਇੱਕ ਦਿਨ ਐਸਾ ਆਇਆ
ਜਦ ਬਿਮਾਰ ਸੀ ਤੂੰ
ਕਰ ਗਈ ਗਲ਼ੀਆਂ, ਘਰ, ਦਿਲ ਸੁੰਨੇ
ਤਾਰਿਆਂ ਜਿੰਨੀਆ ਦੁਆਵਾਂ ਲੈ ਕੇ
ਛੱਡ ਗਈ ਬਾਗਾਂ ਵਿੱਚ ਗੀਤ ਇੱਕਲੇ

ਪੰਜ ਦਰਿਆਵਾਂ ਦੀ ਅੱਖ ਰੋਈ
ਰੋਈ ਓਹ ਧਰਤੀ ਜਿਥੇ ਤੂੰ
ਖੇਡੀ, ਪਲੀ, ਵੱਡੀ ਹੋਈ
ਚੰਨਣ ਦੇ ਚਰਖੇ ਦੀ ਮਾਲ੍ਹ ਟੁੱਟ ਗਈ
ਘੁੰਗਰੂਆਂ ਵਾਲੀ ਪੱਖੀ ਦੀ ਵਾਅ ਰੁੱਸ ਗਈ
ਸੜਕੇ ਸੜਕੇ ਜਾਂਦੀ ਮੁਟਿਆਰ ਪਥਰਾ ਗਈ
ਲਾਲ ਚੂੜੇ ਦੀ ਛਣਕਾਹਟ ਖਮੋਸ਼ ਹੋ ਗਈ
ਗੀਤ, ਸਾਜ, ਸੁਰ-ਤਾਲ ਮਿਲਕੇ ਰੋਏ
ਸਾਡੇ ਵਿਰਸੇ ਦੀ ਮਾਂ ਤਾਰਾ ਬਣ ਗਈ
ਅਸੀਂ ਰੋਣਾ ਨਹੀਂ
ਸਾਡੇ ਨਾਂ ਉੱਤੇ ਤਾਂ ਉਹ ਰਿਸ਼ਤਿਆਂ ਤੇ ਪਿਆਰ ਦੀ ਵਿਰਾਸਤ ਕਰ ਗਈ
ਸੱਚੇ ਸੁੱਚੇ ਪੰਜਾਬ ਦੀ ਸਾਦਗੀ ਕਰ ਗਈ
ਰੱਬ ਦੀ ਪੂਜਾ ਭਗਤੀ ਕਰ ਗਈ
ਐਸੀ ਸੀ ਓਹ ਐਸੀ ਸੀ
ਜਿਵੇਂ ਥੱਕੇ ਰਾਹੀ ਨੂੰ ਛਾਂ ਸੀ
ਧੁੱਪ ਵਿੱਚ ਸੜਦਿਆਂ ਦੀ ਮਾਂ ਸੀ
ਪਿਆਸ ਨੂੰ ਨਦੀ ਸੀ
ਰੋਂਦੇ ਬੱਚੇ ਲਈ ਦਹੀਂ ਦਾ ਟੁੱਕਰ ਸੀ
ਇਸ਼ਕ ਨੂੰ ਗੁੜ ਦੀ ਰੋੜੀ ਸੀ
ਜਿਵੇਂ ਤਪੱਸਵੀ ਦੀ ਸਫਲ ਤਪੱਸਿਆ
ਐਸੀ ਸੀ ਓਹ, ਐਸੀ ਸੀ ਉਹ।

ਚੰਦ ਸੂਰਜ ਦਾ ਕਿੱਸਾ

ਸੂਰਜ ਤੇ ਚੰਦ ਦੀ ਮੁੱਹਬਤ ਦਾ
ਸ਼ਾਇਦ ਕੋਈ ਕਿੱਸਾ ਹੋਵੇਗਾ
ਸੂਰਜ ਚੰਦ ਨੂੰ ਕਰ ਬੈਠਾ ਪਿਆਰ ਹੋਵੇਗਾ
ਤੇ ਚੰਦ ਜ਼ਰੂਰ ਰਾਤ ਦੇ ਹਨੇਰੇ ਵਿੱਚ
ਚਕੋਰ ਨੂੰ ਮਿਲਦਾ ਹੋਵੇਗਾ
ਦੇਖ ਕੇ ਮਹਿਬੂਬ ਦੀ ਬੇਵਫਾਈ
ਸੂਰਜ ਅੱਗ ਖਾ ਗਿਆ ਹੋਵੇਗਾ
ਜਿਵੇ ਮੈਂ ਇਸ਼ਕ ਦੀ ਭੱਠੀ ਵਿੱਚ ਸੜਿਆਂ ਹਾਂ
ਤੂੰ ਵੀ ਖ਼ਮੋਸ਼ ਰਾਤਾਂ ਨੂੰ ਬ੍ਰਿਹਾ ਹੰਢਾਵੇਂ
ਸੂਰਜ ਨੇ ਹੋ ਭਾਵਕ ਆਖ ਦਿੱਤਾ ਹੋਵੇਗਾ
ਚੰਦ ਦੇ ਮੱਥੇ ਇਸ਼ਕ ਦਾ ਸਰਾਪ ਮੜ੍ਹ ਦਿੱਤਾ ਹੋਵੇਗਾ
ਚੂਰ ਹੋ ਗਿਆ ਹੋਵੇਗਾ ਅਰਮਾਨ ਦਿਲ ਦਾ
ਅਕਾਸ਼ ਦੀ ਛਾਤੀ ਤੇ ਤਾਰਾ ਚੁਭ ਗਿਆ ਹੋਵੇਗਾ
ਕ੍ਰੋਧ ਵਿੱਚ ਆ ਕੇ ਸੂਰਜ ਨੇ
ਆਪਣਾ ਹਿੱਸਾ ਰਾਤ ਤੋਂ ਮੰਗ ਲਿਆ ਹੋਵੇਗਾ
ਆਪਣੇ ਹਿੱਸੇ ਤਪੱਸਿਆ ਦਾ ਦਿਨ
ਵੈਰਾਗ, ਚੰਦ ਦੇ ਹਿੱਸੇ ਆਇਆ ਹੋਵੇਗਾ
ਇੱਕ ਸੀਤ ਤੇ ਇੱਕ ਗਰਮ ਤਾਸੀਰ
ਸ਼ਾਇਦ ਇਸ ਤਰ੍ਹਾਂ ਦੀ ਕੋਈ ਮੁਹੱਬਤ
ਚੰਦ ਤੇ ਸੂਰਜ ਦਾ ਕਿਸਾ ਹੋਵੇਗਾ।

ਮੇਰੇ ਆਪਣੇ ਅਸੂਲ

ਇਹ ਬਖਸ਼ਿਸ਼ ਹੈ ਉਸਦੀ, ਹੁਨਰ ਸ਼ਾਇਰੀ ਦਾ ਦਿੱਤਾ
ਇਹ ਮਨ ਬੜਾ ਸ਼ੈਤਾਨ ਹੈ, ਖਬਰੇ ਕੋਈ ਤਲਵਾਰ, ਨੇਜਾ ਘੜ ਵਹਿੰਦਾ
ਮੈਨੂੰ ਮਿਲਣ ਵਾਲੇ ਖਾਸ ਇੱਕ ਦੋ ਹੀ ਨੇ
ਬਹੁਤਿਆਂ 'ਚ ਰਹਿੰਦਾ, ਖਬਰੇ ਕੋਈ ਦੁਸ਼ਮਣ ਬਣਾ ਲੈਂਦਾ
ਕਾਰੋਬਾਰ 'ਚ ਹੀ ਵਕਤ ਗੁਜ਼ਰ ਜਾਂਦਾ ਹੈ
ਬਗੈਰ ਰੁਜ਼ਗਾਰ ਦੇ ਪਤਾ ਨਹੀਂ ਕਿਸ ਤਰ੍ਹਾਂ ਗੁਜ਼ਾਰਾ ਹੁੰਦਾ
ਮੇਰਾ ਬੰਦ ਬੂਹਾ ਦੇਖ ਕੇ ਅਕਸਰ ਉਹ ਨਰਾਜ਼ ਹੁੰਦਾ
ਜਦ ਮੈਂ ਅਰਾਮ ਕਰਦਾ ਹਾਂ, ਉਹ ਟਹਿਲਣ ਨੂੰ ਨਿਕਲਦਾ ਹੁੰਦਾ
ਮੈਂ ਵਪਾਰ ਤੇ ਲਿਹਾਜ਼ ਇੱਕੋ ਸਮੇਂ ਵਿੱਚ ਨਹੀਂ ਕਰਦਾ
ਮੇਰੇ ਆਪਣੇ ਕਈ ਅਸੂਲ ਨੇ, ਮੈਂ ਉਨ੍ਹਾਂ ਦੇ ਉਲਟ ਨਹੀਂ ਹੁੰਦਾ
ਵਿਹਲੇ ਵਕਤ ਕੋਈ ਸ਼ੈਤਾਨੀ ਕਰਦਾ,
ਕੋਈ ਅਉਂਦੇ ਜਾਂਦੇ ਦੀ ਖਬਰ ਰੱਖਦਾ
ਬਖਸ਼ਿਸ਼ ਉਸਦੀ ਵਕਤ ਬਿਤਾਉਣ ਲਈ
'ਅੰਜੂ' ਨੂੰ ਹੁਨਰ ਸ਼ਾਇਰੀ ਦਾ ਦਿੱਤਾ।

ਤੇਰੀ ਅਦਾ ਖ਼ੂਬ ਸੀ

ਦੋ ਸਤਰਾਂ ਵਿੱਚ ਬਹੁਤ ਕੁਝ ਕਹਿਣਾ ਤੇ ਪੁੱਛਣਾ
ਤੇਰਾ ਖ਼ਤ ਯਾਦਾਂ ਦੇ ਸੰਦੂਕ ਵਿੱਚ ਬੰਦ ਹੈ
ਪਹਿਲਾ ਅੱਖਰ ਤੇ ਆਖਰੀ ਸਤਰ
ਹਾਲੇ ਤੱਕ ਯਾਦ ਹੈ
ਉਹ ਅਜੀਬ ਜ਼ਜਬਾਤ ਸੀ, ਅਜੀਬ ਹਲਾਤ ਸੀ
ਕਲੇਜੇ ਦੀਆਂ ਤਿੱਤਲੀਆਂ, ਸੰਦਲ ਜਹੇ ਅਹਿਸਾਸ ਸੀ
ਤੇਰੇ ਖਤ ਦਾ ਪਹਿਲਾ ਅੱਖਰ ਤੇ ਆਖਰੀ ਸਤਰ
ਮੇਰੀ ਜ਼ਿੰਦਗੀ ਦੀ ਸ਼ੁਰੂ ਹੋਈ ਪ੍ਰਭਾਤ ਸੀ
ਤੂੰ ਇਸ਼ਕ ਪਗਾਉਣ ਦਾ ਕੀਤਾ ਵਾਅਦਾ
ਮੇਰੀ ਹਾਂ ਉੱਤੇ ਤੈਨੂੰ ਕਿੰਨਾ ਇਤਬਾਰ ਸੀ
ਦੋ ਸਤਰਾਂ ਵਿੱਚ ਤੇਰਾ ਬਹੁਤ ਕੁਝ ਕਹਿਣਾ ਤੇ ਪੁੱਛਣਾ
ਕਾਬਿਲੇ ਤਾਰੀਫ਼ ਸੀ।

ਪੱਥਰ ਦਿਲ ਧੜਕਿਆ

ਇਹ ਪੱਥਰ ਜਿਹਾ ਦਿਲ ਅੱਜ ਧੜਕਿਆ
ਕੋਈ ਕਾਰਨ ਹੈ
ਅਚਾਨਕ ਕੋਈ ਸਫਰ ਯਾਦ ਆ ਗਿਆ
ਉਸ ਸਫਰ ਵਿੱਚ ਕੋਈ ਮਿਲਿਆ
ਕੋਈ ਕਾਰਨ ਹੈ?
ਰੋਜ਼ ਉਤਰੇ ਉਤਰੇ ਖਿਆਲਾਂ ਵਿੱਚ ਸੀ
ਅੱਜ ਬੁਲੰਦੀ ਨੇ ਦਸਤਕ ਦਿੱਤੀ
ਕੋਈ ਕਾਰਨ ਹੈ
ਪਾਠ-ਪੂਜਾ, ਭਗਤੀ ਵਿੱਚ ਵੀ ਬੈਚੈਨ ਰਿਹਾ
ਅੱਜ ਕੋਈ ਦਰਵੇਸ਼ ਦਰ ਤੇ ਆਇਆ ਹੈ
ਕੋਈ ਕਾਰਨ ਹੈ।
ਹਾਦਸਿਆ ਵਿੱਚ ਦਿਲ ਨਹੀਂ ਰੋਇਆ ਸੀ
ਆਪਣੇ ਬੱਚੇ ਦੀ ਹਾਏ! ਤੇ ਮੈਂ ਘਬਰਾਇਆ
ਕੋਈ ਕਾਰਨ ਹੈ।
ਇਹ ਪੱਥਰ ਜਿਹਾ ਦਿਲ ਅੱਜ ਧੜਕਿਆ
ਕੋਈ ਕਾਰਨ ਹੈ।

ਆਮੀਨ

ਤੇਰੇ ਮੁਲਕ ਦਾ ਸੂਰਜ ਜਗਦਾ ਰਹੇ
ਦੁਆ ਕਰਦੇ ਹਾਂ
ਤੇਰੀ ਨਕਸ਼ ਕਾਰੀ ਬਣੀ ਰਹੇ
ਦੁਆ ਕਰਦੇ ਹਾਂ
ਤੇਰੀ ਨਸਲ ਅਬਾਦ, ਖੁਸ਼ਹਾਲ ਜੀਵੇ ,
ਦੁਆ ਕਰਦੇ ਹਾਂ
ਤੇਰੇ ਮੁਲਕ ਦੇ ਮਦੱਰਸੇ ਵਿੱਚ
ਕੋਈ ਅਮਨ-ਅਮਾਨ ਦਾ ਕੈਦਾ ਪੜ੍ਹੇ ,
ਦੁਆ ਕਰਦੇ ਹਾਂ
ਜ਼ੰਨਤਾਂ ਦੇ ਬਦਲੇ ਕੋਈ ਜ਼ਿੰਦਗੀ ਨਾ ਮੰਗੇ
ਫਰਿਆਦ ਕਰਦੇ ਹਾਂ
ਕਿਸੇ ਬਾਲੜੀ ਦਾ ਬਚਪਨ ਨਾ ਰੋਵੇ,
ਦੁਆ ਕਰਦੇ ਹਾਂ
ਕਿਸੇ ਮਾਂ ਦਾ ਪੁੱਤਰ, ਬੰਬ ਨਾ ਨਿਗਲ਼ੇ,
ਦੁਆ ਕਰਦੇ ਹਾਂ

ਸੋਹਣੇ ਮਹਿਬੂਬ ਦੀ ਧਰਤੀ ਤੇ
ਕੋਈ ਨਫਰਤ ਨਾ ਕਰੇ,
ਦੁਆ ਕਰਦੇ ਹਾਂ
ਖੰਡਰ ਤੇ ਉਜੜ ਚੁੱਕੇ ਥਾਂ ਮੁੜ ਹਰਿਆਵਲ ਹੋਵਣ
ਦੁਆ ਕਰਦੇ ਹਾਂ,
ਰੱਬ ਤੇਰੇ ਮੁਲਕ ਤੇ ਮਿਹਰਬਾਨ ਹੋਵੇ,
ਹਰਿਆਲੀ ਦਾ ਵਰਦਾਨ ਦੇਵੇ
ਦੁਆ ਕਰਦੇ ਹਾਂ
ਤੇਰੇ ਮੁਲਕ ਦਾ ਸੂਰਜ ਜਗਦਾ ਰਹੇ
ਨਕਸ਼ਕਾਰੀ ਬਣੀ ਰਹੇ,
ਦੁਆ ਕਰਦੇ ਹਾਂ।
ਆਮੀਨ !!

ਐਸਾ ਹੋਵੇ ਜਨੂੰਨ ਤੇਰਾ

ਸੂਰਜ ਦਾ ਦੀਵਾ ਮਘਦਾ ਪਿਆ
ਇਹ ਅੱਗ ਦਾ ਦਰਿਆ, ਤੂੰ ਕਰ ਪਾਰ ਆ,
ਹੌਸਲੇ ਤੇਰੇ ਨੂੰ ਕਿਉਂ ਸੇਕ ਲੱਗੇ
ਜਨੂੰਨ ਤਲੀ ਤੇ ਸਜਾ ਕੇ ਤੂੰ ਆ
ਜੇ ਅੰਬਰ ਨੂੰ ਛੋਹਣ ਦੀ ਚਾਹਤ ਤੇਰੀ
ਈਮਾਨ ਤੇ ਜੁਰਅਤ ਦੇ ਤੂੰ ਪਰ ਸਜਾ
ਆਖਦੇ ਪਿੰਜਰੇ ਦੀ ਬੁਲਬੁਲ ਨੂੰ
ਗੀਤ ਕੋਈ ਅਸਮਾਨ ਲਈ ਗਾ
ਰੱਖੀਂ ਨਾ ਰਾਤਾਂ ਦਾ ਖੌਫ਼ ਜ਼ਰਾ
ਜੁਗਨੂੰਆਂ ਦਾ ਕਾਫਲਾ ਰਸਤਾ ਤੇਰਾ
ਮਾਰ ਕੇ ਚੀਕਾਂ ਡਰਾਵੇਗਾ ਦਰਿਆ
ਲਹਿਰਾਂ ਦੇ ਸਿਰ ਤੇ ਤੂੰ ਤਾਂਡਵ ਦਿਖਾ
ਮਿਜਾਜ ਤੇਰੀ ਦੇਖ ਹੈਰਾਨ ਹੋਵੇ
ਆ ਪੁੱਛੇ ਕਿਨਾਰਾ ਇਹ ਕੀ ਮਾਜਰਾ
ਜਨੂੰਨ ਤਲੀ ਤੇ ਸਜਾ ਕੇ ਤੂੰ ਆ
ਇਹ ਅੱਗ ਦਾ ਦਰਿਆ, ਹਨੇਰੇ ਦਾ ਜੰਗਲ
ਕਰੀਂ ਹੈਰਾਨ ਤੂੰ, ਕਰ ਪਾਰ ਆ
ਜੇ ਅੰਬਰ ਨੂੰ ਛੋਹਣ ਦੀ ਚਾਹਤ ਤੇਰੀ
ਈਮਾਨ ਤੇ ਜੁਰਅਤ ਦੇ ਪਰ ਸਜਾ
ਐਸਾ ਹੋਵੇ ਜਨੂੰਨ ਤੇਰਾ, ਬਣਦਾ ਰਹੇ ਖੁਦ ਰਸਤਾ।

ਮੈਂ ਕੀ ਸਾਂ ਤੁਹਾਡੇ ਵਾਸਤੇ

ਮੈਂ ਆਪਣੇ ਸੁਪਨੇ ਵਿੱਚ ਸ਼ਮਸ਼ਾਨ ਘਰ ਵੇਖਿਆ
ਮੈਂ ਆਪਣੀ ਹੀ ਨਜ਼ਰ ਵਿੱਚ,
ਨਜ਼ਾਰਾ ਆਪਣੇ ਜਨਾਜ਼ੇ ਦਾ ਵੇਖਿਆ
ਦੌੜੇ ਜਾਂਦੇ ਵਕਤ ਨੂੰ ਇੱਕ ਦਮ ਰੁਕਿਆ ਵੇਖਿਆ
ਮੈਂ ਮਰਨ ਤੋਂ ਬਾਅਦ, ਲੋਕਾਂ ਲਈ ਕੀ ਸੀ
ਪੈਂਦੇ ਕੀਰਨਿਆਂ 'ਚ ਦੇਖਿਆ
ਮੈਂ ਸੁਪਨੇ ਵਿੱਚ ਸ਼ਮਸ਼ਾਨ ਘਰ ਤੇ ਖੁਦ ਦਾ ਜ਼ਨਾਜਾ ਦੇਖਿਆ
ਜਿਉਂਦੇ ਜੀਅ ਤਰਸਦਾ ਰਿਹਾ ਮੈਂ ਜਿਨ੍ਹਾਂ ਬਾਹਾਂ ਨੂੰ
ਲਾਸ਼ ਮੇਰੀ ਤੇ ਹਮਦਰਦੀ ਦਾ ਤਾਣਾ ਪੈਂਦੇ ਮੈਂ ਦੇਖਿਆ
ਜਿੰਨ੍ਹਾਂ ਲਈ ਮੈਂ ਕੁਝ ਵੀ ਨਹੀ ਸਾਂ
ਉਨ੍ਹਾਂ ਗੰਗਾ ਜਲ ਨਾਲ ਧੋਤਾ ਮੇਰਾ ਜਿਸਮ , ਮੈਂ ਦੇਖਿਆ
ਤਨਹਾਈ ਵਿੱਚ ਜ਼ਿੰਦਗੀ ਗੁਜ਼ਾਰੀ ਸਾਰੀ
ਅਰਥੀ ਤੇ ਮੈਂ ਫੁੱਲਾਂ ਦਾ ਸਵਾਗਤ ਵੇਖਿਆ
ਮੈਂ ਆਪਣੇ ਜ਼ਨਾਜੇ ਦਾ ਨਜ਼ਾਰਾ ਇਸ ਤਰ੍ਹਾਂ ਦਾ ਵੇਖਿਆ
ਤਨ ਤੇ ਲੀਰਾਂ, ਰੋਸਿਆਂ ਵਿੱਚ ਮੈਂ ਰਿਹਾ,
ਭੁੱਖ ਦੀ ਦੰਦਲ ਨੂੰ ਸਹਿੰਦਾ ਰਿਹਾ
ਦੇਸੀ ਘਿਉ ਤੇ ਕਫ਼ਨ ਮੈਂ ਸੜਦਾ ਵੇਖਿਆ
ਕੋਈ ਢੁੱਕਿਆ ਨਾ ਜਿਉਂਦੇ ਜੀਅ ਮੇਰੇ ਵਾਸਤੇ
ਮੈਂ ਕਿਸ ਹਾਲ ਵਿੱਚ ਹਾਂ, ਜਿਉਂਦਾ ਵੀ ਹਾਂ ਨਾ ਪੁੱਛਿਆ
ਕੁਝ ਪਲ ਹੋਰ ਮੈਂ ਜੀਅ ਲੈਂਦਾ, ਕੋਈ ਕਹਿੰਦਾ ਮੈਂ ਸੁਣਿਆ
ਮਰਨ ਤੋਂ ਬਾਅਦ, ਮੈਂ ਕੀ ਸਾਂ ? ਹੁੰਦਾ ਸਵਾਗਤ ਵੇਖਿਆ
ਮੈਂ ਸੁਪਨੇ ਵਿੱਚ ਸ਼ਮਸਾਨ ਘਰ ਤੇ ਖੁਦ ਦਾ ਜਨਾਜ਼ਾ ਵੇਖਿਆ

ਬਿਨ ਤੇਰੇ

ਬਿਨ ਚੰਦ ਕੀ ਚਕੋਰ ਕਰੇ
ਬ੍ਰਿਹਾਂ ਨੂੰ ਗਾਉਂਦੀ ਰਹੇ
ਬਿਨ ਤਾਰੇ ਨਾ ਗਗਨ ਸਜੇ
ਉਦਾਸੀ ਉਦਾਸੀ ਜਿਵੇਂ ਲਾੜੀ ਲੱਗੇ
ਬਿਨ ਪਾਣੀ ਕਿੰਝ ਮਛਲੀ ਤਰੇ
ਦਰਿਆ ਦਾ ਸੰਸਾਰ ਸੁੰਨਾ ਲੱਗੇ
ਬਿਨ ਚਿੜੀਆਂ ਪ੍ਰਭਾਤ, ਪ੍ਰਭਾਤ ਨਾ ਲੱਗੇ
ਬਿਨ ਕੁੜੀਆਂ ਨਾ ਵਿਹੜਾ ਸਜੇ
ਬਿਨ ਪੁੱਤਾਂ ਨਾ ਵੰਸ਼ ਵਧੇ
ਬਿਨ ਵੀਰੇ ਰੱਖੜੀ ਰੋਵੇ
ਬਿਨ ਸੁਰ ਨਾ ਸੰਗੀਤ ਬਣੇ
ਬਿਨ ਗੁਰੂ ਨਾ ਸਿੱਖ ਮਿਲੇ
ਬਿਨ ਹੁੰਗਾਰੇ ਨਾ ਬਾਤ ਵਧੇ
ਬਿਨ ਮੰਜ਼ਿਲ ਨਾ ਵਾਟ ਕਟੇ
ਬਿਨ ਸੁਰਮਾ ਨਾ ਅੱਖ ਸਜੇ
ਬਿਨ ਤੜਫ ਨਾ ਪਿਆਰ ਵਧੇ
ਬਿਨ ਜਜ਼ਬਾਤ ਨਾ ਕਵਿਤਾ ਜੁੜੇ
ਭਾਵੇਂ ਕੋਈ ਲੱਖ ਜਤਨ ਕਰੇ
ਇਹ ਜ਼ਿੰਦਗੀ ਹੈ ਪਿਆਰੇ
ਹੈ ਵਰਦਾਨ ਰੱਬ ਦਾ ਪਿਆਰੇ
ਤੂੰ ਜੀਅ ਜੀਅ ਜੀਅ ਪਿਆਰੇ
ਤੇਰਾ ਸੰਗਮ ਹੁੰਦਾ ਰਹੇ
ਬਿਨ ਸੰਗਮ ਸਭ ਅਧੂਰਾ ਲੱਗੇ।

ਜਦ ਔਰਤ ਤੋਂ ਮੈਂ ਮਾਂ ਬਣੀ

ਤੇਰੇ ਬਗੈਰ ਕੀ ਸੀ ਜ਼ਿੰਦਗੀ ਮੇਰੀ
ਮੈਂ ਤੈਨੂੰ ਦੱਸਾਂਗੀ
ਇਹ ਭਰਿਆ ਭਰਿਆ ਘਰ ਵੈਰਾਨ ਸੀ, ਮੇਰੇ ਲਈ
ਮੈਂ ਤੈਨੂੰ ਦੱਸਾਂਗੀ
ਘਰ ਦੀ ਹਰ ਦੀਵਾਰ ਸੀ ਘੂਰਦੀ
ਮੈਂ ਤੈਨੂੰ ਦੱਸਾਂਗੀ
ਏ ਮੇਰੀਏ ਧੀਏ! ਤੇਰੇ ਬਗੈਰ ਮੇਰੀ ਕੁੱਖ ਬਾਂਝ ਸੀ
ਮੈਂ ਬੰਜਰ ਜ਼ਮੀਨ, ਪਿਆਸੀ ਸੀ
ਤੇਰੇ ਜੰਮਣ 'ਤੇ ਆਪਣਾ ਮੈਂ ਹਾਲ ਦੱਸਾਂਗੀ
ਮੈਂ ਤੈਨੂੰ ਸਭ ਦੱਸਾਂਗੀ
ਆਪਣਾ ਇੱਕ ਇੱਕ ਹਾਲ ਦੱਸਾਂਗੀ
ਮਾਵਾਂ ਦੀ ਗੋਦ 'ਚ ਦੇਖ ਔਲਾਦ ਮੈਂ ਕਿੰਝ ਕੁਰਲਾਉਂਦੀ ਸੀ
ਮੈ ਤੈਨੂੰ ਸਭ ਦੱਸਾਂਗੀ
ਮੈਂ ਅਧੂਰੀ ਅਧੂਰੀ ਹਾਏ ਅਧੂਰੀ ਸਾਂ
ਤੂੰ ਮੈਨੂੰ ਸੰਪੂਰਨ ਬਣਾਇਆ, ਮੈਨੂੰ ਮਾਂ ਬਣਾਇਆ
ਇੱਕ ਔਰਤ ਦੀ ਖਾਹਿਸ਼ ਦੱਸਾਂਗੀ
ਮੈਂ ਤੈਨੂੰ ਸਭ ਦੱਸਾਂਗੀ
ਤੇਰੇ ਬਗੈਰ ਕੀ ਸੀ, ਜ਼ਿੰਦਗੀ ਮੇਰੀ
ਚੁੱਕ ਬਾਹਾਂ ਵਿੱਚ ਤੈਨੂੰ
ਮੈਂ ਦੱਸਾਂਗੀ।

ਮੇਰੀ ਹਸਤੀ ਦਾ ਚਿੱਤਰਕਾਰ ਖ਼ੁਦਾ ਹੈ

ਕੀ ਮਜਾਲ ਮੇਰੀ ਕਿ ਆਪਣੀ ਹਸਤੀ ਬਦਲ ਦੇਵਾਂ
ਖ਼ੁਦਾ ਦੇ ਫੈਸਲੇ ਨੂੰ ਮੈਂ ਕਿੰਝ ਟਾਲ ਦੇਵਾਂ
ਬਹੁਤ ਫੁਰਸਤ 'ਚ ਬਣਾਇਆ ਉਸਨੇ ਚਿੱਤਰ ਮੇਰਾ
ਕੀ ਮਜਾਲ ਮੇਰੀ, ਉਹਦੇ ਹੁਨਰ ਵਿੱਚ ਨੁਕਸ ਕੱਢ ਦੇਵਾਂ
ਤੂੰ ਕਬੂਲ, ਨਾ ਕਬੂਲ ਮੈਨੂੰ, ਮੈਂ ਮੁਜਰਮ ਹਾਂ ਤੇਰਾ
ਤੇਰੀ ਕੁੱਖ ਚ ਮੇਰੀ ਜ਼ਾਤ ਤੇ ਆਲਣ੍ਹਾ ਪਾਇਆ
ਬੜਾ ਦਿਲ ਦੁਖਿਆ, ਬੜਾ ਦਿਲ ਰੋਇਆ
ਜਦ ਮੇਰੀ ਮਾਂ ਨੇ ਹੀ ਹੀਜੜਾ ਕਹਿਕੇ ਮੈਨੂੰ ਬੁਲਾਇਆ
ਮੈਂ ਪੱਥਰ ਨਹੀ ਸਾਂ, ਬਦਸੂਰਤ ਨਹੀ ਸਾਂ
ਮੇਰੀ ਮਾਂ ਤੋਂ ਮੈਂ, ਕਬੂਲਿਆ ਨਾ ਗਿਆ
ਮੈ ਮੁਜਰਮ ਹਾਂ ਤੇਰਾ, ਤੇਰੀ ਕੁੱਖ 'ਚ ਆਲ੍ਹਣਾ ਪਾਇਆ
ਮੈਂ ਰਿਸ਼ਤਿਆਂ ਦੀ ਅੱਖ ਵਿੱਚ ਵਾਂਗੂੰ ਵਾਲ਼ ਹਾਂ
ਨਾ ਭਵਿੱਖ ਦਾ ਚਾਅ, ਮੈਂ ਡਰਿਆ ਡਰਿਆ ਇੱਕ ਪ੍ਰਛਾਵਾਂ ਹਾਂ
ਨਾ ਅਧੂਰਾ, ਨਾ ਪੂਰਾ, ਖਾਮੋਸ਼ ਖਾਮੋਸ਼ ਇੱਕ ਅਹਿਸਾਸ ਹਾਂ
ਤੀਸਰੀ ਦੁਨੀਆਂ ਸਭ ਆਖਣ ਮੈਨੂੰ
ਨਾ ਧਰਤੀ, ਨਾ ਅਸਮਾਨ 'ਚ ਲਟਕੀ ਜਾਨ ਹਾਂ
ਤੂੰ ਕਬੂਲ, ਨਾ ਕਬੂਲ ਮੈਨੂੰ
ਮਾਂ ਮੈਂ ਤੇਰੀ ਅਲੌਂਦ ਹਾਂ।
ਮੈਂ ਤੇਰਾ ਮੁਜਰਮ ਹਾਂ, ਮਾਂ ਮੈਂ ਤੇਰਾ ਗੁਨਾਹਗਾਰ ਹਾਂ
ਮੇਰੇ ਚਿੱਤਰਕਾਰ ਨੇ ਮੇਰਾ ਐਸਾ ਚਿੱਤਰ ਬਣਾਇਆ
ਕੀ ਮਜਾਲ ਉਹਦੇ ਹੁਨਰ ਵਿੱਚ ਨੁਕਸ ਕੱਢ ਦਿੰਦਾ
ਕੀ ਮਜਾਲ ਮੇਰੀ ਕਿ ਖ਼ੁਦਾ ਦੇ ਫੈਸਲੇ ਨੂੰ ਟਾਲ਼ ਦਿੰਦਾ।

ਜਦ ਤੂੰ ਮੇਰੇ ਵਿਹੜੇ ਆਈ

ਘਰ ਖਾਲੀ ਖਾਲੀ ਭਰ ਗਿਆ,
ਜਦ ਤੂੰ ਆਈ
ਵਕਤ ਮੇਰਾ ਟੁਰਨ ਲੱਗ ਪਿਆ,
ਜਦ ਤੂੰ ਆਈ
ਮੈਨੂੰ ਹਰ ਕੰਮ ਯਾਦ ਆਇਆ,
ਜਦ ਤੂੰ ਆਈ
ਭਰ ਚੁੱਕਾ ਸੀ ਮਨ ਜ਼ਿੰਦਗੀ ਤੋਂ,
ਦਿਲ ਲੱਗਣ ਲੱਗਾ,
ਜਦ ਤੂੰ ਆਈ
ਘਰ ਦੇ ਹਰ ਖੂੰਜੇ ਨੂੰ ਛੂਹ ਪਵਿੱਤਰ ਕੀਤਾ
ਜਦ ਤੂੰ ਆਈ
ਕੰਧਾਂ ਨੂੰ, ਬੂਹਿਆਂ ਨੂੰ, ਮੇਜ-ਕੁਰਸੀਆਂ ਨੂੰ ਫੜ
ਤੁਰਨਾ ਸਿੱਖਿਆ, ਜਦ ਤੂੰ ਆਈ
ਮੇਰੀ ਰੂਹ ਰੱਜ ਗਈ, ਜਦ ਨੱਸਕੇ ਮੇਰੀ ਗੋਦੀ ਆਈ
ਤੇਰਾ ਮੁੱਖ ਸਰਘੀ, ਤੈਨੂੰ ਲੋਰੀ ਸਣਾਉਣ ਸੰਧਿਆ ਆਈ
ਮੇਰੀ ਸੋਚ ਬਦਲ ਗਈ ਜਦ ਮੇਰੇ ਵਿਹੜੇ ਖੇਡਣ,
ਮੇਰੀ ਧੀ ਆਈ

ਫਰਾਕਾਂ, ਚੂੜੀਆਂ, ਰੀਬਨ
ਗੁੰਦ ਗੁੰਦ ਗੁੱਤਾਂ ਮੈਂ ਆਪਣੇ ਚਾਵਾਂ ਦੀ ਰੀਝ ਲਾਹੀ
ਬਾਬਲ ਦਿਲ ਠਰਿਆ
ਜਦ ਝਾਤੀ-ਮਾਤੀ ਦੀ ਤੂੰ ਖੇਡ ਖੇਡੀ
ਛੋਟੇ ਛੋਟੇ ਹੱਥਾਂ ਨਾਲ ਹੱਸ ਤਾੜੀ ਲਾਈ
ਘਰ ਖਾਲੀ ਖਾਲੀ ਭਰ ਗਿਆ,
ਜਦ ਤੂੰ ਆਈ
ਮੈਨੂੰ ਹਰ ਕੰਮ ਯਾਦ ਆਇਆ,
ਜਦ ਤੂੰ ਆਈ
ਜ਼ਿੰਦਗੀ ਸੋਹਣੀ ਲੱਗਣ ਲੱਗੀ,
ਜਦ ਤੂੰ ਆਈ।

ਪੰਜਾਬੀ ਸੱਥ ਵੱਲੋਂ ਛਾਪੀਆਂ ਕਿਤਾਬਾਂ

1. ਦਰਦਮੰਦਾਂ ਦੀਆਂ ਆਹੀਂ (ਕਾਲੇ 47 ਸਬੰਧੀ)- ਚੜ੍ਹਦੇ ਲਹਿੰਦੇ ਪੰਜਾਬ ਦੀਆਂ ਸਾਂਝੀਆਂ ਪੰਜਾਹ ਕਹਾਣੀਆਂ।
2. ਅੰਬਰ ਕਾਲਾ ਇਤ ਬਿਧ ਹੋਇਆ (ਕਾਲੇ 47 ਸਬੰਧੀ) - ਚੜ੍ਹਦੇ ਲਹਿੰਦੇ ਪੰਜਾਬ ਦੀਆਂ ਪੰਜਾਹ ਕਹਾਣੀਆਂ।
3. ਜ਼ੁਲਮੋਂ ਕੂਕ ਗਈ ਅਸਮਾਨੀਂ (ਕਾਲੇ 47 ਸਬੰਧੀ)-ਚੜ੍ਹਦੇ ਲਹਿੰਦੇ ਪੰਜਾਬ ਦੀਆਂ 200 ਕਵਿਤਾਵਾਂ
4. ਬਾਣੀ ਸ਼ੇਖ਼ ਫ਼ਰੀਦ ਜੀ ਕੀ (ਸ਼ਾਹਮੁਖੀ ਤੇ ਗੁਰਮੁਖੀ)-ਸ਼੍ਰੀ ਗੁਰੂ ਗ੍ਰੰਥ ਸਾਹਿਬ 'ਚ ਦਰਜ ਫ਼ਰੀਦ ਬਾਣੀ।
5. ੳ. ਚੀਚੋ ਚੀਚ ਗਨ੍ਹੇਰੀਆਂ (ਗੁਰਮੁਖੀ)-100 ਬਾਲ ਗੀਤ/ਕਵਿਤਾਵਾਂ
   ਅ. ਚੀਚੋ ਚੀਚ ਗਨ੍ਹੇਰੀਆਂ (ਸ਼ਾਹਮੁਖੀ)-100 ਬਾਲ ਗੀਤ/ਕਵਿਤਾਵਾਂ
   (ਲਿਪੀ ਬਦਲਾਵ - ਮੁਹੰਮਦ ਅਸੁਹੇਲ-ਲਾਹੌਰ)
6. ਬਾਤ ਪਾਵਾਂ ਬਤੌਲੀ ਪਾਵਾਂ (ਪੰਜਾਬੀ ਬਾਲ ਕਹਾਣੀਆਂ)-ਚੜ੍ਹਦੇ ਲਹਿੰਦੇ ਪੰਜਾਬ ਦੀਆਂ ਸਾਂਝੀਆਂ ਕਹਾਣੀਆਂ।
7. ਮਾਏ ਨੀ ਮਾਏ-(ਕਵਿਤਾ)-ਮਾਂ ਦੇ ਵੱਖੋ ਵੱਖ ਰੂਪਾਂ ਸਬੰਧੀ 239 ਰਚਨਾਵਾਂ।
8. ਧੀਆਂ ਧਿਆਣੀਆਂ - (ਕਵਿਤਾ) - ਧੀਆਂ ਸਬੰਧੀ 401 ਕਵਿਤਾਵਾਂ, ਗੀਤ, ਮਰਸੀਏ
9. ਤਿੜਕੀ ਧਰਤੀ ਵਿਹੁਲਾ ਪਾਣੀ - (ਪ੍ਰਦੂਸ਼ਣ) ਵਾਰਤਕ ਤੇ ਕਵਿਤਾਵਾਂ
10. ਚਿੜੀ ਵਿਚਾਰੀ ਕੀ ਕਰੇ - (ਪ੍ਰਦੂਸ਼ਣ) ਕਵਿਤਾਵਾਂ ਤੇ ਵਾਰਤਕ
11. ਗੱਭਰੂ ਦੇਸ਼ ਪੰਜਾਬ ਦੇ ਡੁੱਬ ਗਏ ਪਿਆਲੇ (ਨਸ਼ੇਖੋਰੀ)-ਕਵਿਤਾਵਾਂ
12. ਸਿੱਧਾ ਰਾਹ ਸਿਵਿਆਂ ਨੂੰ ਜਾਵੇ (ਨਸ਼ੇਖੋਰੀ)-ਵਾਰਤਕ
13. ਸਾਡਾ ਚਿੜੀਆਂ ਦਾ ਚੰਬਾ ਵੇ (ਵਿਆਹਾਂ ਦਾ ਤਿੜਕਣਾ ਤੇ ਪਰਵਾਰਿਕ ਕਲੇਸ਼)-ਕਵਿਤਾਵਾਂ
14. ਜੋੜੀਆਂ ਜਗ ਥੋੜ੍ਹੀਆਂ (ਵਿਆਹ ਤਲਾਕ ਤੇ ਰਿਸ਼ਤਿਆਂ ਦੀ ਟੁੱਟ ਭੱਜ)-ਵਾਰਤਕ
15. ਮਾਂ ਬੋਲੀ ਦਾ ਕੱਲ੍ਹ ਅੱਜ ਤੇ ਭਲਕ (ਮਾਂ ਬੋਲੀ)-ਵਾਰਤਕ
16. ਦੀਵਾ ਬਾਲ ਪੰਜਾਬੀ ਦਾ (ਮਾਂ ਬੋਲੀ)-ਕਵਿਤਾਵਾਂ
17. ਬਾਰ ਪਰਾਏ ਬੈਸਣਾ (ਪ੍ਰਵਾਸ)-ਕਵਿਤਾ ਤੇ ਵਾਰਤਕ
18. ਪੁਆਧ ਦਰਪਣ (ਪੁਆਧ ਦੀ ਖੋਜੀ ਜਾਣਕਾਰੀ) ਸੰਪਾਦਕ - ਮਨਮੋਹਨ ਸਿੰਘ ਦਾਊਂ, ਮੋਹਾਲੀ
19. ਰੰਗ ਪੁਆਧ ਕੈ (ਪੁਆਧ ਵਾਰਤਕ)-ਡਾ. ਗੁਰਮੀਤ ਸਿੰਘ ਬੈਦਵਾਣ, ਬਾਸੀਆਂ ਬੈਦਵਾਣ, ਫ਼ਤਹਿਗੜ੍ਹ ਸਾਹਿਬ
20. ਮਾਝੇ ਦੀ ਮੈਂ ਜੰਮੀ ਜਾਈ (ਮਾਝੇ ਦੇ ਲੋਕ ਗੀਤ)-ਸੰਗ੍ਰਹਿਕਰਤਾ - ਸਵਰਨ ਕੌਰ ਬੱਲ ਬੁਤਾਲਾ, ਅੰਮ੍ਰਿਤਸਰ
21. ਕੀ ਜਾਣਾ ਮੈਂ ਕੌਣ-(ਪੰਜਾਬ ਸਬੰਧੀ ਜਾਣਕਾਰੀ ਦੇ ਸਵਾਲ-ਜਵਾਬ) -

ਡਾ. ਨਿਰਮਲ ਸਿੰਘ ਲਾਂਬੜਾ
22. ਸਾਡੇ ਸਮਿਆਂ ਦਾ ਪੰਜਾਬ (ਕਵਿਤਾਵਾਂ)–ਰਣਜੀਤ ਸਿੰਘ ਰਾਣਾ,ਇੰਗਲੈਂਡ
23. ਕਿੱਸਾ ਹੀਰ ਵਾਰਿਸ (ਵਾਰਿਸ ਸ਼ਾਹ ਦਾ ਸ਼ਾਹਕਾਰ)–ਖੋਜ ਤੇ ਲਿਪੀ ਬਦਲਾਵ–ਅਜਮੇਰ ਕਵੈਂਟਰੀ ਇੰਗਲੈਂਡ
24. ਕਿੱਸਾ ਹੀਰ ਹਜ਼ੂਰਾ ਸਿੰਘ (ਕਲੀਆਂ)–ਖੋਜ–ਹਰਵਿੰਦਰ ਸਿੰਘ ਚਹਿਲ, ਸਰੀ–ਬੀ.ਸੀ., ਕੈਨੇਡਾ
25. ਮਾਵਾਂ ਠੰਡੀਆਂ ਛਾਵਾਂ (111 ਧੀਆਂ ਵੱਲੋਂ ਮਾਵਾਂ ਸਬੰਧੀ ਕਵਿਤਾਵਾਂ) –ਸੰਗ੍ਰਹਕਰਤਾ–ਡਾ. ਚਰਨਜੀਤ ਸਿੰਘ, ਦਿੱਲੀ
26. ਸ਼ੇਖ ਫ਼ਰੀਦ–ਉਦ–ਦੀਨ ਗੰਜ–ਇ–ਸ਼ਕਰ (ਇਲਾਹੀ ਜੀਵਨ ਗਾਥਾ ਤੇ ਬਾਣੀ)–ਖਲੀਕ ਅਹਿਮਦ ਨਿਜ਼ਾਮੀ/ਪੰਜਾਬੀ ਉਲੱਥਾ–ਸ. ਚੇਤਨ ਸਿੰਘ
27. ਤ੍ਰੇਲ ਜਿਹੇ ਮੋਤੀ (ਗ਼ਜ਼ਲਾਂ) – ਕੁਲਜੀਤ ਕੌਰ ਗ਼ਜ਼ਲ ਤਲਵੰਡੀ ਖੁੰਮਣ, ਅੰਮ੍ਰਿਤਸਰ
28. ਬੋਲੀ ਮਾਂ ਬੋਲੀ (ਖੋਜ)–ਅਜਮੇਰ ਕਵੈਂਟਰੀ ਇੰਗਲੈਂਡ
29. ਸਲੇਟੀ (ਗ਼ਜ਼ਲਾਂ) –ਅਜਮੇਰ ਕਵੈਂਟਰੀ ਇੰਗਲੈਂਡ
30. ਪੱਥਰ ਲੀਕਾਂ (ਸਵੈ ਜੀਵਨੀ–ਸਫ਼ਰਨਾਮਾ)–ਅਜਮੇਰ ਕਵੈਂਟਰੀ ਇੰਗਲੈਂਡ
31. ਪੱਥਰ–ਫੁੱਲ ਤੇ ਆਸ਼ਕ (ਲੇਖ)–ਅਜਮੇਰ ਕਵੈਂਟਰੀ ਇੰਗਲੈਂਡ
32. ਸੰਤਾਨ ਤੇ ਮਾਪੇ (ਲੇਖ) –ਅਜਮੇਰ ਕਵੈਂਟਰੀ ਇੰਗਲੈਂਡ
33. ਹਿਸਾਬ (ਲੇਖ)–ਅਜਮੇਰ ਕਵੈਂਟਰੀ ਇੰਗਲੈਂਡ
34. ਤਿਤਲੀਆਂ ਵਾਲੀ ਫ਼ਰਾਕ (ਬਾਲ ਕਹਾਣੀਆਂ) – ਜਨਮੇਜਾ ਸਿੰਘ ਜੌਹਲ, ਲੁਧਿਆਣਾ
35. ਰੰਗਾਂ ਦੀ ਗਾਗਰ (ਸਵੈ–ਜੀਵਨੀ) – ਡਾ. ਸਰਦਾਰਾ ਸਿੰਘ ਜੌਹਲ, ਲੁਧਿਆਣਾ
36. ਨੌਂ ਮਣ ਰੇਤ (ਕਵਿਤਾਵਾਂ) – ਸੰਤ ਸੰਧੂ ਤਲਵੰਡੀ ਸਲੇਮ, ਜਲੰਧਰ
37. ਅੱਗ ਦੇ ਅੱਥਰੂ (ਕਵਿਤਾਵਾਂ)– ਹਰਜਿੰਦਰ ਸਿੰਘ ਸੰਧੂ ਇੰਗਲੈਂਡ
38. ਕਤਰਾ ਕਤਰਾ ਰੂਹ (ਕਹਾਣੀਆਂ)–ਸੁਰਿੰਦਰਜੀਤ ਕੌਰ ਜਲੰਧਰ
39. ਨਜ਼ਰ ਲੱਗੇ ਨਾ ਕਦੇ ਪੰਜਾਬ ਤਾਈਂ (ਕਵਿਤਾਵਾਂ)–ਮਲਕੀਅਤ ਸਿੰਘ ਸੰਧੂ ਇੰਗਲੈਂਡ
40. ਜਦ ਰੋਈ ਧਰਤ ਪੰਜਾਬ ਦੀ (ਕਵਿਤਾਵਾਂ) – ਪ੍ਰਕਾਸ਼ ਸਿੰਘ ਆਜ਼ਾਦ ਇੰਗਲੈਂਡ
41. ਸੱਚ ਛੁਪਾਉਣਾ ਠੀਕ ਨਹੀਂ (ਕਵਿਤਾਵਾਂ) – ਮਨਜੀਤ ਸਿੰਘ ਕਮਲਾ ਇੰਗਲੈਂਡ
42. ਅਦਭੁਤ ਸ਼ਿਲਪਕਾਰ ਪੰਛੀ (ਪੰਛੀਆਂ ਦੇ ਆਲ੍ਹਣੇ)– ਹਰਿੰਦਰ ਸਾਹਨੀ, ਜਲੰਧਰ
43. ਮਾਂ (ਕਵਿਤਾ) – ਕੋਮਲ ਸਿੰਘ ਸੰਧੂ, ਸਿੰਘਾਂ, ਜਲੰਧਰ
44. ਪ੍ਰਦੂਸ਼ਣ ਦਾ ਕਹਿਰ (ਕਵਿਤਾ) – ਕੋਮਲ ਸਿੰਘ ਸੰਧੂ, ਸਿੰਘਾਂ, ਜਲੰਧਰ
45. ਸ੍ਰੀ ਗੁਰੂ ਗ੍ਰੰਥ ਸਾਹਿਬ (ਇਕ ਜਾਣ–ਪਛਾਣ)–ਡਾ. ਗੁਰਬਚਨ ਸਿੰਘ

ਖਹਿਰਾ ਤੇ ਡਾ. ਸੁਰਿੰਦਰ ਕੌਰ ਖਹਿਰਾ, ਨਕੋਦਰ

46. ਨਹੀਂ ਲੱਗਦਾ ਦਿਲ ਮੇਰਾ (ਕਵਿਤਾ) – ਨਰਿੰਦਰ ਸੁਮਨ, ਇੰਗਲੈਂਡ
47. ਵਿਰਸੇ ਦੇ ਵਾਰਸ (ਰੇਖਾ ਚਿੱਤਰ) – ਸਤੀਸ਼ ਦਰਦੀ, ਦੁਬਈ
48. ਨਿੱਕੇ ਨਿੱਕੇ ਮਣਕੇ (ਬਾਲ ਕਵਿਤਾਵਾਂ) – ਸੁਰਿੰਦਰਜੀਤ ਕੌਰ, ਜਲੰਧਰ
49. ਬ੍ਰਹਿਮੰਡ ਦੀ ਘਟਨਾ (ਬਾਲ ਕਵਿਤਾਵਾਂ) – ਸੁਰਿੰਦਰਜੀਤ ਕੌਰ, ਜਲੰਧਰ
50. ਲਾਲੜੀਆਂ ਦਾ ਘਰ (ਕਵਿਤਾਵਾਂ) – ਪ੍ਰੀਤਮ ਚੰਦ ਤੰਗੋ ਲੁਧਿਆਣਾ
51. ਕਿੱਸਾ ਭਗਤ ਸਿੰਘ (ਕਵੀਸ਼ਰੀ) – ਚੰਦ ਸਿੰਘ ਮਰਾਝ ਬਠਿੰਡਾ
52. ਕਿੱਸਾ ਕੂਕਾ ਲਹਿਰ (ਕਵੀਸ਼ਰੀ) – ਚੰਦ ਸਿੰਘ ਮਰਾਝ ਬਠਿੰਡਾ
53. ਕਿੱਸਾ ਗਿਆਨੋ ਤੇ ਸੁਜਾਨੋ (ਕਵੀਸ਼ਰੀ) – ਚੰਦ ਸਿੰਘ ਮਰਾਝ ਬਠਿੰਡਾ
54. ਕਥਾ ਸਮੁੰਦਰੋਂ ਪਾਰ ਦੀ (ਯੂ.ਕੇ. ਦੇ 21 ਕਹਾਣੀਕਾਰਾਂ ਦਾ ਸੰਗ੍ਰਹਿ)– ਸੰਪਾਦਕ– ਸੰਤੋਖ ਧਾਲੀਵਾਲ ਇੰਗਲੈਂਡ
55. ੳ. ਹੀਰ ਵਾਰਿਸ ਵਿਚ ਮਿਲਾਵਟੀ ਸ਼ਿਅਰਾਂ ਦਾ ਵੇਰਵਾ (ਸ਼ਾਹਮੁਖੀ) – ਜ਼ਾਹਿਦ ਇਕਬਾਲ ਗੁਜਰਾਂਵਾਲਾ
    ਅ. ਹੀਰ ਵਾਰਿਸ ਵਿਚ ਮਿਲਾਵਟੀ ਸ਼ਿਅਰਾਂ ਦਾ ਵੇਰਵਾ (ਗੁਰਮੁਖੀ) – ਜ਼ਾਹਿਦ ਇਕਬਾਲ ਗੁਜਰਾਂਵਾਲਾ
56. ਜੰਗਨਾਮਾ ਸਿੰਘਾਂ ਤੇ ਫਿਰੰਗੀਆਂ (ਵਾਰ ਸ਼ਾਹ ਮੁਹੰਮਦ)–ਲਿਪੀ ਬਦਲਾਵ –ਅਜਮੇਰ ਕਵੈਂਟਰੀ ਇੰਗਲੈਂਡ
57. ਸੀਤਾ ਸਵੰਬਰ (ਪੁਆਧੀ ਕਿੱਸਾ) – ਭਗਤ ਆਸਾ ਰਾਮ ਬੈਦਵਾਣ, ਸੁਹਾਣਾ (ਮੋਹਾਲੀ)
58. ਖੁਸ਼ਬੂ ਦੀਆਂ ਪੈੜ੍ਹਾਂ (ਕਵਿਤਾਵਾਂ) –ਹਰਜੀਤ ਸਿੰਘ ਅਸ਼ਕ ਇੰਗਲੈਂਡ
59. ਮਿੱਟੀ ਮਿੱਟੀ ਮਹਾਂ ਕਥਾ (ਨਾਵਲ) – ਅਸ਼ੋਕ ਚਰਨ ਆਲਮਗੀਰ–ਬਟਾਲਾ
60. ਮਾਂ ਬੋਲੀ ਦਾ ਮੁਕੱਦਮਾ (ਮਾਂ ਬੋਲੀ ਸਬੰਧੀ ਲੇਖ)
61. ਸਰਗੋਸ਼ੀਆਂ (ਗ਼ਜ਼ਲਾਂ) – ਅਜਮੇਰ ਕਵੈਂਟਰੀ ਇੰਗਲੈਂਡ
62. ਲੋਕ ਗੀਤ–ਵਿਸ਼ਵ ਗੀਤ (ਕਵਿਤਾਵਾਂ) – ਅਜਮੇਰ ਕਵੈਂਟਰੀ ਇੰਗਲੈਂਡ
63. ਨਹੀਂ ਖਲਕ ਦੀ ਬੰਦ ਜ਼ੁਬਾਨ ਹੁੰਦੀ (ਵਿਅੰਗ) – ਸੰਤ ਸੰਧੂ, ਤਲਵੰਡੀ ਸਲੇਮ, ਜਲੰਧਰ
64. ਮੰਜਕੀ ਭੂਮਿ ਰੰਗਾਵਲੀ (ਖੋਜੀ ਜਾਣਕਾਰੀ) ਪ੍ਰਿ. ਕੁਲਵਿੰਦਰ ਸਿੰਘ ਸਰਾਏ, ਭੰਗਾਲਾ, ਜਲੰਧਰ ਅਤੇ ਅਸ਼ੋਕ ਚਰਨ ਆਲਮਗੀਰ, ਬਟਾਲਾ
65. ਮਾਝਾ ਦਰਸ਼ਨ (ਮਾਝੇ ਦਾ ਸਰਵਪੱਖੀ ਸਰਵੇਖਣ) – ਰਘਬੀਰ ਸਿੰਘ ਤੀਰ, ਤਰਨਤਾਰਨ
66. ਬੋਲ ਮਿਰਜ਼ਿਆਂ ਬੋਲ (ਕਵਿਤਾ) – ਕੰਵਰ ਇਮਤਿਆਜ਼, ਸਿਧਵਾਂ ਦੋਨਾ, ਕਪੂਰਥਲਾ
67. ਧੀ (ਕਵਿਤਾ) – ਪਰਮਿੰਦਰ ਕੌਰ ਨਾਗੀ, ਜਲੰਧਰ
68. ਬੋਲ ਮਿਠੇ ਅਨਮੋਲ (ਬਾਲ ਕਵਿਤਾਵਾਂ) – ਆਤਮਾ ਸਿੰਘ ਚਿੱਟੀ, ਜਲੰਧਰ
69. ਬੋਲਦੇ ਹਰਫ਼ (ਕਵਿਤਾਵਾਂ) – ਅਮਰਜੀਤ ਸੋਮਲ, ਸੋਮਲ ਖੇੜੀ, ਲੁਧਿਆਣਾ (ਪੰਜਾਬੀ ਸੱਥ ਸਰ੍ਹੀ – ਵੈਨਕੂਵਰ ਵਲੋਂ ਪ੍ਰਕਾਸ਼ਤ)

70. ਬੱਲੇ ਨੀ ਪੰਜਾਬੀਏ (ਕਵਿਤਾਵਾਂ) – ਬਲਿਹਾਰ ਗੋਬਿੰਦਗੜ੍ਹੀਆ, ਗੋਬਿੰਦਗੜ੍ਹ, ਲੁਧਿਆਣਾ (ਪੰਜਾਬੀ ਸੱਥ ਸਰ੍ਹੀ–ਵੈਨਕੂਵਰ ਵਲੋਂ ਪ੍ਰਕਾਸ਼ਤ)
71. ਦੇਸ ਪਰਾਇਆ ਆਪਣੇ ਲੋਕ (ਲੇਖ) – ਸੁਰਜੀਤ ਸਿੰਘ ਕਾਲੜਾ, ਇੰਗਲੈਂਡ
72. ਕਾਲਾ ਗੁਲਾਬ ਚਿੱਟੀ ਮਹਿਕ (ਕਵਿਤਾ) – ਮਹਿੰਦਰ ਸਿੰਘ ਦਿਲਬਰ, ਇੰਗਲੈਂਡ
73. ਇਹ ਵੀ ਸੱਚ ਹੈ (ਗ਼ਜ਼ਲਾਂ) – ਜਸਵਿੰਦਰ ਮਹਿਰਮ, ਫ਼ਗਵਾੜਾ
74. ਦੁੱਲੇ ਖਰਲ਼ ਸਰਾਬੇ (ਲੇਖ ਨੁਮਾ ਖਾਕੇ) – ਅਜਮੇਰ ਕਵੈਂਟਰੀ ਇੰਗਲੈਂਡ
75. ਕਾਲਾ ਅੰਬ (ਕਵਿਤਾਵਾਂ) – ਅਜਮੇਰ ਕਵੈਂਟਰੀ ਇੰਗਲੈਂਡ
76. ਧੀਆਂ ਦਾਤ– ਅਦੁੱਤੀ (116 ਮਾਂਵਾਂ ਵੱਲੋਂ ਧੀਆਂ ਸਬੰਧੀ ਕਾਵਿ ਸੰਗ੍ਰਹਿ) – ਸੰਪਾਦਕ – ਡਾ. ਚਰਨਜੀਤ ਸਿੰਘ ਦਿੱਲੀ
77. ਲੜੀ ਦਾ ਰਾਗ (ਰਵਾਇਤੀ ਗਾਇਕੀ ਦੀ ਖੋਜ) – ਡਾ. ਹਰਨੇਕ ਸਿੰਘ ਹੇਅਰ, ਨਕੋਦਰ
78. ਵੁਲਵਰਹੈਂਪਟਨ ਕਵੀਆਂ ਦਾ ਸ਼ਹਿਰ (32 ਕਵੀਆਂ ਦੀਆਂ ਰਚਨਾਵਾਂ) – ਸੰਪਾਦਕ – ਇੰਦਰਜੀਤ ਸਿੰਘ ਜੀਤ – ਵੁਲਵਰਹੈਂਪਟਨ, ਇੰਗਲੈਂਡ
79. ਬਾਬਾ ਨਜ਼ਮੀ ਦੀ ਚੋਣਵੀਂ ਕਵਿਤਾ (ਸਾਂਝੇ ਪੰਜਾਬ ਦਾ ਲੋਕ ਕਵੀ) –ਲਿਪੀ ਬਦਲਾਵ ਹਰਭਜਨ ਸਿੰਘ ਹੁੰਦਲ, ਫੱਤੂਚੱਕ, ਕਪੂਰਥਲਾ
80. ਬੂਹੇ ਬਾਰੀਆਂ (ਸੱਥ ਵਲੋਂ ਛਾਪੀਆਂ ਕਿਤਾਬਾਂ ਦੀਆਂ ਸੰਪਾਦਕੀਆਂ) –ਭਾਗ ਪਹਿਲਾ
81. ਚਲ ਮਾਲਵੇ ਦੇਸ ਨੂੰ ਚੱਲੀਏ (ਮਾਲਵੇ ਸਬੰਧੀ ਖੋਜੀ ਜਾਣਕਾਰੀ) – ਸੰਪਾਦਕ – ਡਾ. ਲਖਬੀਰ ਸਿੰਘ ਨਾਮਧਾਰੀ, ਰਾਮਪੁਰਾ ਫੂਲ, ਬਠਿੰਡਾ
82. ਘੁੰਮਣ ਘੇਰੀਆਂ (ਕਵਿਤਾਵਾਂ) ਕਸ਼ਮੀਰ ਸਿੰਘ ਘੁੰਮਣ ਇੰਗਲੈਂਡ
83. ਅੱਖਰ ਇਸ਼ਕ ਇਬਾਦਤ – ਸੁਖਦੀਪ ਬਿਰਧਨੋ
84. ਘਿਉ ਚੂਰੀ ਦੀਆਂ ਬਾਤਾਂ – ਪੰਜਾਬੀ ਸੱਥ ਜਰਮਨੀ
85. ਰਾਹੀਆ ਰਾਹ ਢੁੰਡੇਂਦਿਆਂ (ਕਵਿਤਾ) ਅਮਰ ਸਿੰਘ ਅਲੂਣਾ– ਜਲੰਧਰ
86. ਤਿੜਕੀ ਧਰਤੀ ਪਾਟਿਆ ਅੰਬਰ (ਦਾਸਤਾਨ – ਏ – ਸੰਤਾਲੀ) ਸੰਪਾਦਕ – ਸੂਬੇਦਾਰ ਸ਼ਿਵ ਸਿੰਘ, ਕਾਹਲਵਾਂ – ਕਪੂਰਥਲਾ
87. ਨਾਲ ਖੁਦਾ ਦੇ ਗੱਲਾਂ (ਰੂਹਾਨੀ ਗਜ਼ਲਾਂ) – ਗੁਰਦਰਸ਼ਨ ਸਿੰਘ ਬਾਦਲ – ਸਰੀ ਕੈਨੇਡਾ
88. ਗੀਤ ਗਾਈਏ ਪਿਆਰੇ ਬੱਚਿਓ – ਕਰਮਜੀਤ ਸਿੰਘ ਗਰੇਵਾਲ – ਲੁਧਿਆਣਾ
89. ਬੂਹੇ ਬਾਰੀਆਂ (ਸੱਥ ਵੱਲੋਂ ਛਾਪੀਆਂ ਕਿਤਾਬਾਂ ਦੀਆਂ ਸੰਪਾਦਕੀਆਂ)– ਭਾਗ ਦੂਜਾ ਡਾ. ਕੁਲਵੰਤ ਕੌਰ (ਪਟਿਆਲਾ)
90. ਸ਼ਤਾਬਦੀਆਂ ਦਾ ਸੁਨੇਹਾ (ਡਾ. ਕੁਲਵੰਤ ਕੌਰ– ਪਟਿਆਲਾ)
91. ਬੇਮੁਹਾਰਾ ਸ਼ਹਿਰੀਕਰਣ
92. ਜਿੱਥੇ ਕਿੱਕਰਾਂ ਨੂੰ ਅੰਬ ਲੱਗਦੇ (ਮਾਲਵੇ ਦੀ ਖੋਜੀ ਜਾਣਕਾਰੀ) ਸੰਪਾਦਨ – ਡਾ. ਲਖਬੀਰ ਸਿੰਘ, ਨਾਮਧਾਰੀ, ਰਾਮਪੁਰਾ ਫੂਲ, ਬਠਿੰਡਾ